ੴ ਸਤਿਗੁਰ ਪ੍ਰਸਾਦਿ

# ਗੰਜ ਨਾਮਹ ਸਟੀਕ

ਅਰਥਾਤ ਦਸਾਂ ਪਾਤਸ਼ਾਹੀਆਂ ਦੀ ਫ਼ਾਰਸੀ ਵਿਚ
ਸਿਫ਼ਤਸਲਾਹ ਤੇ ਉਸਦਾ ਸਰਲਾਰਥ


-ਕ੍ਰਿਤ-

**ਭਾਈ ਨੰਦ ਲਾਲ ਗੋਇਆ**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਅਨਿੰਨ ਸਿੱਖ ਅਤੇ ਹਜ਼ੂਰੀ ਕਵੀ

-ਲਿਪੀਅੰਤਰਣ ਅਤੇ ਸਰਲਾਰਥ-

**ਭਾਈ ਸਾਹਿਬ ਭਾਈ ਵੀਰ ਸਿੰਘ**



**ਭਾਈ ਵੀਰ ਸਿੰਘ ਸਾਹਿਤ ਸਦਨ**

**ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001**




www.sikhbookclub.com

## ਛਪਾਈ ਦਾ ਵੇਰਵਾ

| | | | |
|---|---|---|---|
| ਪਹਿਲੀ | ਵਾਰ | -- --, | 1914 |
| ਦੂਜੀ | ਵਾਰ | -- --, | -- |
| ਤੀਜੀ | ਵਾਰ | -- --, | -- |
| ਚਉਥੀ | ਵਾਰ | -- --, | -- |
| ਪੰਜਵੀਂ | ਵਾਰ | ਅਗਸਤ, | 1966 |
| ਛੇਵੀਂ | ਵਾਰ | ਫਰਵਰੀ, | 1988 |
| ਸਤਵੀਂ | ਵਾਰ | -- --, | 1996 |
| ਅਠਵੀਂ | ਵਾਰ | ਨਵੰਬਰ, | 2006 |
| ਨੌਵੀਂ | ਵਾਰ | ਮਾਰਚ, | 2012 |

Ganj Namah Steek
Bhai Nand Lal goya
Meanings by Bhai Vir Singh

ISBN # 978-93-80854-34-2
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਨੌਵੀਂ ਵਾਰ ਮਾਰਚ, 2012

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Bedi Art Prints
RZ-1/5, Tughlakabad Extension
Kalkaji, New Delhi - 110019

ਮੁੱਲ : 42/- ਰੁਪਏ

 www.sikhbookclub.com

# ਮੁੱਢਲੀ ਬੇਨਤੀ

ਆਪ ਦੇ ਹੱਥ ਵਿਚ ਜੋ ਪੋਥੀ ਹੈ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਜ਼ੂਰੀ ਕਵੀ ਭਾਈ ਨੰਦ ਲਾਲ ਜੀ ਗੋਇਆ ਦੀ ਰਚਨਾ ਹੈ। ਮੁੱਦਤ ਹੋਈ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਕ ਫ਼ਾਰਸੀ ਹੱਥ-ਲਿਖਤ ਤੋਂ ਉਤਾਰਾ ਕਰਕੇ ਇਸ ਦਾ ਤਰਜਮਾ ਕੀਤਾ ਤੇ ਖ਼ਾਲਸਾ ਟ੍ਰੈਕਟ ਸੁਸਾਇਟੀ ਨੂੰ ਪ੍ਰਦਾਨ ਕਰ ਦਿੱਤਾ ਸੀ। ਸੁਸਾਇਟੀ ਵੱਲੋਂ ਇਹ ਰਚਨਾ ਓਸੇ ਸਾਲ ਨਿਰਗੁਣੀਆਰੇ ਦਾ ਇਕ ਅੰਕ (ਨੰ: 486) ਬਣਾ ਕੇ ਛਾਪ ਦਿੱਤੀ ਗਈ। ਇਹ ਗੱਲ 1914 ਈ: ਦੀ ਹੈ। ਇਸ ਤੋਂ ਪਿਛੋਂ ਬੀ ਸੁਸਾਇਟੀ ਵੱਲੋਂ ਓਸੇ ਤਰ੍ਹਾਂ ਨਿਰਗੁਣੀਆਰੇ ਦਾ ਅੰਕ ਬਣਾ ਕੇ ਇਹ ਦੋ ਤ੍ਰੈ ਬਾਰ ਛਪ ਚੁਕੀ ਹੈ, ਪਰ ਫੇਰ ਦੁਰਲਭ ਹੋ ਰਹੀ ਸੀ। ਸੁਸਾਇਟੀ ਨੂੰ ਬਿਨੈ ਕੀਤੀ ਗਈ ਕਿ ਉਹ ਇਸ ਨੂੰ ਚੰਗੇਰੇ ਕਾਗਜ਼ ਤੇ ਛਾਪ ਕੇ ਸੁਲਭ ਕਰੇ, ਪਰ ਆਨਰੇਰੀ ਸੈਕ੍ਰੇਟਰੀ ਸਾਹਿਬ ਨੇ ਅਸਮੱਰਥਤਾ ਪ੍ਰਗਟ ਕਰਦਿਆ ਖ਼ਾਲਸਾ ਸਮਾਚਾਰ ਦੇ ਦਫ਼ਤਰ ਵੱਲੋਂ ਛਾਪਣ ਦੀ ਸਲਾਹ ਦੇ ਭੇਜੀ, ਜਿਸ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਇਹ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਜਦੋਂ ਪਰਮ ਸਤਿਕਾਰ ਯੋਗ ਭਾਈ ਸਾਹਿਬ ਜੀ ਨੇ ਇਸ ਦਾ ਤਰਜਮਾ ਤਿਆਰ ਕੀਤਾ ਸੀ, ਸ੍ਰੋਤ ਹੈ ਕਿ ਤਦੋਂ ਅਸਲ ਫ਼ਾਰਸੀ ਹੱਥ-ਲਿਖਤ ਨੁਸਖ਼ਾ, ਜਿਸ ਤੋਂ ਉਤਾਰਾ ਕੀਤਾ ਗਿਆ ਸੀ, ਕਿਤੇ ਅੱਗੇ ਪਿੱਛੇ ਹੋ ਗਿਆ ਤੇ ਇਸ ਰਚਨਾ ਦਾ ਨਾਮ ਸੰਸੇ ਵਿਚ ਸਹਿਵਨ 'ਤੌਸੀਫੋ ਸਨਾ' ਛਾਪ ਦਿੱਤਾ ਗਿਆ ਕਿਉਂਕਿ ਇਸ ਵਿਚ ਗੁਰੂ ਸਾਹਿਬਾਂ ਦੀ ਸਿਫ਼ਤ ਸਲਾਹ ਸੀ। ਤੇ ਮਗਰੋਂ ਬੀ ਏਹੋ ਨਾਮ ਛਪਦਾ ਰਿਹਾ। ਪਰ 'ਤੌਸੀਫੋ ਸਨਾ' ਭਾਈ ਨੰਦ ਲਾਲ ਜੀ ਦੀ ਇਕ ਹੋਰ ਫ਼ਾਰਸੀ ਵਾਰਤਕ ਰਚਨਾ ਹੈ, ਜਿਸ ਦਾ ਤਰਜਮਾ ਅਜੇ ਤੱਕ ਨਹੀਂ ਹੋਇਆ।

ਕੁਛ ਬਰਸ ਹੋਏ ਜਦ ਭਾਈ ਨੰਦ ਲਾਲ ਜੀ ਦੀਆਂ ਫ਼ਾਰਸੀ ਰਚਨਾਵਾਂ ਨੂੰ ਫ਼ਾਰਸੀ ਅੱਖਰਾਂ ਵਿਚ ਹੀ ਛਾਪਣ ਲਈ ਉੱਦਮ ਕੀਤਾ ਗਿਆ ਤੇ ਲਿਖਤੀ ਨੁਸਖਿਆਂ ਦੀ ਭਾਲ ਆਰੰਭੀ ਗਈ ਤਾਂ ਉਹ ਪੁਰਾਣਾ ਫ਼ਾਰਸੀ ਹੱਥ-ਲਿਖਤ ਨੁਸਖਾ ਬੀ ਮਾਨ ਯੋਗ ਭਾਈ ਸਾਹਿਬ ਜੀ ਦੇ ਪੁਸਤਕ ਭੰਡਾਰ ਵਿਚੋਂ ਲੱਭ ਪਿਆ, ਜਿਸ ਤੋਂ ਇਸ ਰਚਨਾ ਦਾ ਨਾਮ 'ਰੀਜ ਨਾਮਾ' ਸਹੀ ਹੋਇਆ, ਜੋ ਇਸ ਛਾਪ ਸਮੇਂ ਸੋਧ ਦਿੱਤਾ ਗਿਆ ਹੈ।

ਜੁਲਾਈ, 1966

ਮਹਾਂ ਸਿੰਘ ਗਿਆਨੀ
ਸੰਪਾਦਕ


www.sikhbookclub.com

## ਪਹਿਲੀ ਵਾਰ ਛਪਣ ਵੇਲੇ ਦੀ ਬਿਨਯ!

ਭਾਈ ਨੰਦ ਲਾਲ ਜੀ ਸਿੱਖਾਂ ਵਿਚ ਪ੍ਰਮਾਣਿਕ ਬਾਣੀ ਦੇ ਕਰਤਾ ਹੋਏ ਹਨ, ਅਰ ਆਮ ਪ੍ਰਸਿੱਧ ਉਨ੍ਹਾਂ ਦੀ ਪਵਿੱਤ੍ਰ ਰਚਨਾ 'ਜ਼ਿੰਦਗੀ ਨਾਮਾ' ਤੇ 'ਗ਼ਜ਼ਲਾਂ, ਰੁਬਾਈਆਂ' ਹਨ। ਇਸ ਤੋਂ ਵੱਖਰੀਆਂ ਉਨ੍ਹਾਂ ਦੀਆਂ ਕਈ ਹੋਰ ਰਚਨਾਵਾਂ ਵੀ ਹਨ, ਜਿਨ੍ਹਾਂ ਨੇ ਅਜੇ ਤਕ ਛਾਪੇ ਦੁਆਰਾ ਪ੍ਰਕਾਸ਼ ਨਹੀਂ ਪਾਇਆ। ਇਹ ਰਚਨਾ ਉਨ੍ਹਾਂ ਨਾ ਛਪ ਚੁਕੀਆਂ ਵਿਚੋਂ ਇਕ ਹੈ, ਅਰ ਇਸਦਾ ਨਾਮ ਗ਼ਾਲਬਨ 'ਤੌਸੀਫ਼ੇ ਸਨਾ' ਹੈ।* ਇਸ ਵਿਚ ਦਸਾਂ ਪਾਤਸ਼ਾਹੀਆਂ ਦੀ ਮਹਿਮਾ ਹੈ। ਅਸਾਂ ਪਹਿਲੋਂ ਭਾਈ ਸਾਹਿਬ ਜੀ ਦਾ ਸੰਖੇਪ ਜੀਵਨ ਚਰਿੱਤ੍ਰ ਦਿੱਤਾ ਹੈ। ਆਪ ਦੇ ਜੀਵਨ ਸਮਾਚਾਰ ਦਾ ਸਭ ਤੋਂ ਵੱਡਾ ਵਸੀਲਾ ਅੱਜ ਤਕ ਸੂਰਜ ਪ੍ਰਕਾਸ਼ ਸੀ, ਪਰ ਹੁਣ ਭਾਈ ਰਾਮ ਕ੍ਰਿਸ਼ਨ ਸਿੰਘ ਜੀ ਇਤਿਹਾਸ ਖੋਜੀ ਨੇ ਉਰਦੂ ਅੱਖਰਾਂ ਵਿਚ ਅਰ ਭਾਈ ਮੇਘ ਰਾਜ ਜੀ ਨੇ ਗੁਰਮੁਖੀ ਵਿਚ 'ਪ੍ਰੇਮ ਫੁਲਵਾੜੀ' ਦੀ ਭੂਮਿਕਾ ਵਿਚ ਉਨ੍ਹਾਂ ਦੇ ਜੀਵਨ ਲਿਖੇ ਹਨ, ਜਿਨ੍ਹਾਂ ਨੇ ਪਿਛਲੀ ਵਾਕਫ਼ੀ ਨੂੰ ਬਹੁਤ ਵਧਾਇਆ ਹੈ। ਇਸ ਲਈ ਇਸ ਜੀਵਨ ਲਿਖਣ ਵਿਚ ਜੋ ਸਹਾਇਤਾ ਅਸੀਂ ਉੱਪਰ ਲਿਖੇ ਤਿੰਨਾਂ ਵਸੀਲਿਆਂ ਤੋਂ ਲਈ ਹੈ, ਉਸ ਦੇ ਅਸੀਂ ਧੰਨਜਵਾਦੀ ਹਾਂ।

ਇਸ ਗ੍ਰੰਥ ਦੀ ਵਿਉਂਤ ਅਸਾਂ ਇਉਂ ਰੱਖੀ ਹੈ:-

ਪਹਿਲਾਂ ਫ਼ਾਰਸੀ ਮੂਲ ਨੂੰ ਗੁਰਮੁਖੀ ਅੱਖਰਾਂ ਵਿਚ ਬੈਂਤ ਯਾ ਵਾਕ ਵਾਰ ਖੱਬੇ ਸਫ਼ੇ ਉਤੇ ਦਿੱਤਾ ਹੈ, ਫੇਰ ਹਰੇਕ ਬੈਂਤ ਯਾ ਵਾਕ ਦੇ ਸਾਹਮਣੇ ਸੱਜੇ ਸਫ਼ੇ ਉਤੇ ਸਰਲ ਬੋਲੀ ਵਿਚ ਟੀਕਾ ਦਿਤਾ ਹੈ। ਜੋ ਨੰਬਰ ਮੂਲ ਦਾ ਹੈ

---

* ਦੇਖੋ 1966 ਦੇ ਐਡੀਸ਼ਨ ਦੀ ਮੁੱਢਲੀ ਬੇਨਤੀ ਪੰਨਾ 'ੲ' ਤੇ 'ਸ'।

 www.sikhbookclub.com

ਉਹੀ ਉਸ ਦੇ ਸਾਹਮਣੇ ਟੀਕੇ ਦਾ ਹੈ। ਅਰ ਅੰਤ ਵਿਚ ਇਹਨਾਂ ਹੀ ਨੰਬਰਾਂ ਅਨੁਸਾਰ ਫ਼ਾਰਸੀ ਮੂਲ ਨੂੰ ਫ਼ਾਰਸੀ ਅੱਖਰਾਂ ਵਿਚ ਦਿਤਾ ਹੈ[1], ਤਾਂ ਜੋ ਪਾਠਕਾਂ ਨੂੰ ਕਿਸੇ ਪ੍ਰਕਾਰ ਦੀ ਖੇਚਲ ਨਾ ਰਹੇ।

ਜੀਵਨ ਵਿਚ, ਜਾਂ ਉਨ੍ਹਾਂ ਦੀ ਰਚਨਾਂ ਵਿਚ, ਜਾਂ ਟੀਕੇ ਵਿਚ ਜੇ ਸਾਥੋਂ ਕੋਈ ਭੁੱਲ ਹੋ ਗਈ ਹੋਵੇ ਤਾਂ ਸਾਨੂੰ ਦੱਸ ਕੇ ਕ੍ਰਿਤਾਰਥ ਕੀਤਾ ਜਾਵੇ, ਜੋ ਅਗਲੀ ਐਡੀਸ਼ਨ ਵਿਚ ਦਰੁਸਤੀ ਕਰ ਲਈ ਜਾਵੇ। ਕਿਉਂਕਿ ਮੁਮਕਿਨ ਹੈ, ਕਿਸੇ ਸੱਜਣ ਪਾਸ ਅਸਲ ਕਾਪੀ ਹੋਵੇ ਅਰ ਉਹ ਵਧੀਕ ਪੁਰਾਣੀ ਤੇ ਵਧੀਕ ਸ਼ੁੱਧ ਹੋਵੇ।

ਅੰਤ ਵਿਚ ਇਸ ਰਚਨਾ ਦੇ ਸਾਰੇ ਹਕੂਕ ਅੱਗੋਂ ਨੂੰ ਖਾਲਸਾ ਟ੍ਰੈਕਟ ਸੁਸਾਇਟੀ ਦੇ ਹਨ।[2]

1914 ਦਾਸ- ਸਕੱਤ੍ਰ

1. ਫ਼ਾਰਸੀ ਮੂਲ ਕੇਵਲ ਪਹਿਲੀ ਵਾਰ ਛਾਪ ਵੇਲੇ ਹੀ ਨਾਲ ਛਾਪਿਆ ਗਿਆ ਸੀ, ਮਗਰੋਂ ਨਹੀਂ ਛਾਪਿਆ ਗਿਆ। ਫ਼ਾਰਸੀ ਅੱਖਰਾਂ ਵਿਚ ਪਾਠ ਦਾ ਸ਼ੌਕ ਰੱਖਣ ਵਾਲੇ ਪਾਠਕ 'ਤਸਨੀਫਾਤੇ ਗੋਯਾ' ਫ਼ਾਰਸੀ ਅੱਖਰਾਂ ਵਿਚ ਛਪੀ ਪੁਸਤਕ ਮੰਗਵਾ ਕੇ ਲਾਭ ਉਠਾ ਸਕਦੇ ਹਨ।
2. ਦੇਖੋ 1966 ਦੇ ਐਡੀਸ਼ਨ ਦੀ ਮੁੱਢਲੀ ਬੇਨਤੀ ਪੰਨਾ 'ੲ' ਤੇ 'ਸ'।

# ਜੀਵਨ ਭਾਈ ਨੰਦ ਲਾਲ ਜੀ ਗੋਇਆ

**ਜਨਮ :** ਸ਼ਹਿਰ ਗ਼ਜ਼ਨੀ ਦੇ ਨਾਮ ਤੋਂ ਸਾਡੇ ਪਾਠਕ ਜਾਣੂੰ ਹੋਣਗੇ, ਇਹ ਉਹ ਸ਼ਹਿਰ ਹੈ ਜਿਥੋਂ ਦੇ ਮਹਿਮੂਦ ਨਾਮ ਦੇ ਬਾਦਸ਼ਾਹ ਨੇ 17 ਵਾਰੀ ਹਿੰਦੁਸਤਾਨ ਤੇ ਚੜ੍ਹਾਈ ਕਰਕੇ ਲੁਟ ਮਾਰ ਮਚਾਈ ਤੇ ਭਾਰਤ ਦੀਆਂ ਨਵਯੁਵਕ ਕੁਮਾਰੀਆਂ ਤੇ ਬੱਚੇ ਇਤਨੀ ਵੱਡੀ ਗਿਣਤੀ ਦੇ ਫੜਕੇ ਲੈ ਗਿਆ ਕਿ ਗ਼ਜ਼ਨੀ ਦੇ ਬਜ਼ਾਰਾਂ ਵਿਚ ਭੇਡਾਂ ਤੇ ਬੱਕਰੀਆਂ ਵਾਂਗੂ ਦੋ ਦੋ ਰੁਪਏ ਤੋਂ ਇਹ ਵਿਕੇ। ਪਰੰਤੂ ਸੰਮਤ 1700 ਬਿਕ੍ਰਮੀ ਵਿਚ, ਜਦ ਦਾ ਕਿ ਅਸੀਂ ਜ਼ਿਕਰ ਕਰਨਾ ਚਾਹੁੰਦੇ ਹਾਂ, ਇਥੋਂ ਦਾ ਹਾਕਮ ਮੁਅੱਯਨੁੱਦੀਨ ਸੀ, ਅਰ ਸਮਾਂ ਕੁਛ ਅਮਨ ਦਾ ਸੀ। ਇਸ ਦਾ ਦੀਵਾਨ ਛੱਜੂ ਰਾਮ ਨਾਮ ਦਾ ਇਕ ਖੱਤ੍ਰੀ ਸੀ ਜੋ ਖਾਨਦਾਨ ਦੇ ਲਿਹਾਜ਼ ਨਾਲ ਦੂਰੜ ਖੱਤ੍ਰੀਆਂ ਵਿਚੋਂ ਤੇ ਧਾਰਮਕ ਪਹਿਲੂ ਤੇ ਬੈਰਾਗੀਆਂ ਦੀ ਸੰਪ੍ਰਦਾ ਦੇ ਬਾਨੀ ਰਾਮਾਨੰਦ ਜੀ ਦਾ ਪੈਰੋਕਾਰ ਸੀ। ਆਪ ਦੀ ਆਯੂ 50 ਬਰਸ ਦੇ ਲਗ ਪਗ ਪੁਜ ਗਈ, ਪਰੰਤੂ ਇਹਨਾਂ ਦਿਨਾਂ ਤਕ ਆਪ ਦੀ ਸੰਤਾਨ ਕੋਈ ਨਹੀਂ ਸੀ। ਜੋ ਬਾਲ ਬੱਚਾ ਹੁੰਦਾ, ਸਾਲ ਦੋ ਸਾਲ ਵਿਚ ਹੀ ਚੜ੍ਹਾਈ ਕਰ ਜਾਂਦਾ, ਜਿਸ ਤੋਂ ਇਕ ਤਾਂ 50 ਬਰਸ ਦੀ ਆਯੂ ਹੋ ਜਾਣ ਤੋਂ:-

**"ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ"**
(ਸਲੋਕ ਫਰੀਦ-੯-੧੩੭੮)

ਅੱਗਾ ਯਾਦ ਆ ਗਿਆ, ਤੇ ਦੂਜਾ ਸੰਤਾਨ ਦੇ ਹੋ ਕੇ ਮਰ ਜਾਣ ਦੇ ਸੱਲ ਨੇ ਇਹਨਾਂ ਦੀ ਤਬੀਅਤ ਵਿਚ ਪਰੀਵਰਤਨ ਲੈ ਆਂਦਾ ਤੇ ਇਹਨਾਂ ਦੇ ਖਿਆਲ ਭਗਤੀ ਭਾਵ ਵਲ ਝੁਕ ਗਏ। ਸੋ ਇਹਨਾਂ ਹੀ ਦਿਨਾਂ ਵਿਚ ਜਦ ਆਪ ਦੀ ਆਯੂ 51 ਵਰਿਹਾਂ ਦੀ ਹੋਈ ਤਾਂ ਆਪ ਦੇ ਗ੍ਰਿਹ ਵਿਖੇ ਲੜਕਾ ਉਤਪੰਨ ਹੋਇਆ, ਜਿਸ ਦਾ ਨਾਮ ਆਪ ਨੇ 'ਨੰਦ ਲਾਲ' ਰਖਿਆ।

**ਵਿਦਜਾ** : ਸ਼ਹਿਰ ਗ਼ਜ਼ਨੀ ਪਠਾਣੀ ਇਲਾਕੇ ਦਾ ਸ਼ਹਿਰ ਹੈ, ਤੇ ਇਥੋਂ ਦੀ ਵਸੋਂ ਤੇ ਹਾਕਮ ਵੀ ਪਠਾਣ ਹੀ ਸਨ, ਜਿਸ ਤੋਂ ਇਸ ਦੇਸ਼ ਦੀ ਭਾਸ਼ਾ ਤੇ ਰਾਜ ਦਰਬਾਰ ਦੀ ਜ਼ਬਾਨ ਵੀ ਫ਼ਾਰਸੀ ਹੀ ਸੀ। ਇਸ ਲਈ ਦੀਵਾਨ ਛੱਜੂ ਰਾਮ ਜੀ ਨੇ ਆਪਣੇ ਸਪੁਤ੍ਰ ਨੰਦ ਲਾਲ ਨੂੰ, ਜਦ ਇਸਨੇ ਹੋਸ਼ ਸੰਭਾਲੀ, ਤਾਂ ਇਕ ਮੌਲਵੀ ਪਾਸ ਪੜ੍ਹਨੇ ਪਾਇਆ, ਜਿਥੇ ਇਨ੍ਹਾਂ ਫ਼ਾਰਸੀ ਤੇ ਅਰਬੀ ਦੀ ਖਾਸੀ ਲਿਆਕਤ ਪ੍ਰਾਪਤ ਕਰ ਲਈ। ਜਿਹਾ ਕਿ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ:-

**"ਨੰਦ ਲਾਲ ਨਿਤ ਮਕਤਬ ਜਾਇ।**
**ਇਲਮ ਫ਼ਾਰਸੀ ਪਢਹਿ ਬਨਾਇ।**
**ਤੀਛਨ ਬੁਧਿ ਪੁਨਹਿ ਅਭਜਾਸੇ।**
**ਨਿਤ ਪ੍ਰਤਿ ਬਿਦਜਾ ਬਹੁਤ ਪ੍ਰਕਾਸ਼ੇ।੧੫।**
**ਥ੍ਰਿੰਦ ਕਿਤਾਬਨ ਕੋ ਪੜ੍ਹ ਗਇਓ।**
**ਇਲਮ ਬਿਖੇ ਕਾਮਲ ਬਹੁ ਭਇਓ॥"**
(ਰੁਤ ੩, ਅੰਸੂ ੨੪)

ਤੇ ਮੁਸਲਮਾਨੀ ਮਤ ਦੀ ਕਾਫ਼ੀ ਵਾਕਫ਼ੀਅਤ ਹੋ ਗਈ। ਇਹ ਸੱਚ ਹੈ ਕਿ ਪੁਤ੍ਰ ਕਪੁਤ੍ਰ ਪੰਘੂੜਿਓਂ ਹੀ ਸਿਞਾਪ ਜਾਂਦੇ ਹਨ, ਨੰਦ ਲਾਲ ਦੇ ਥੋੜੀ ਆਯੂ ਵਿਚ ਹੀ ਅਰਬੀ ਤੇ ਫ਼ਾਰਸੀ ਦੇ ਪੰਡਤ ਹੋ ਜਾਣ ਤੇ ਛੱਜੂ ਰਾਮ ਆਪਣਿਆਂ ਕਪੜਿਆਂ ਵਿਚ ਨਹੀਂ ਸਮਾਂਵਦਾ ਸੀ, ਤੇ ਬੱਚੇ ਦੇ ਖੁਣੇ ਟੱਪ ਜਾਣ (ਅਤਿ ਹੋਣਹਾਰ ਹੋ ਜਾਣ) ਕਰਕੇ ਬੀ ਅਤਿ ਪ੍ਰਸੰਨ ਸੀ।

**ਕੰਠੀ ਪਾਉਣਾ** : ਅਸੀਂ ਉਪਰ ਦੱਸ ਆਏ ਹਾਂ ਕਿ ਦੀਵਾਨ ਛੱਜੂ ਰਾਮ ਜੀ ਬੈਰਾਗੀਆਂ ਦੇ ਚੇਲੇ ਸਨ, ਜਦ ਨੰਦ ਲਾਲ ਦੀ ਆਯੂ 12 ਵਰ੍ਹਿਆਂ ਦੀ ਹੋਈ ਤਦ ਦੀਵਾਨ ਜੀ ਨੇ ਕੰਠੀ (ਜੋ ਬੈਰਾਗੀ ਮਤ ਦਾ ਚਿੰਨ੍ਹ ਹੈ) ਪਾਉਣ ਲਈ ਆਪਣੇ ਗੁਰੂ ਨੂੰ ਬੈਰਾਗੀ ਸਾਧੂਆਂ ਦੀ ਜਮਾਤ ਸਮੇਤ ਮੰਗਾਇਆ। ਗ੍ਰਿਹ ਵਿਖੇ ਕਿਸੇ ਗੱਲ ਦੀ ਕਮੀ ਸੀ ਹੀ ਨਹੀਂ, ਤੇ ਫਿਰ ਲੜਕਾ ਵੀ ਇਕੋ ਇਕ ਹੀ ਸੀ, ਜਿਸ ਤੋਂ ਆਪ ਨੇ ਇਸ ਰਸਮ ਨੂੰ ਬੜੀ ਹੀ ਧੂਮ-ਧਾਮ ਨਾਲ ਪੂਰਾ ਕਰਨ ਲਈ ਲੱਗਦੇ ਵਾਹ ਕੋਈ ਕਸਰ ਬਾਕੀ ਨਾ ਰੱਖੀ। ਗ਼ਰੀਬਾਂ

ਨੂੰ ਅੰਨ ਬਸਤ੍ਰ ਦਿੱਤਾ ਗਿਆ, ਬੈਰਾਗੀ ਸੰਤਾਂ ਦੀ ਸੇਵਾ ਬੜੇ ਹੀ ਚਾਉ ਤੇ ਪ੍ਰੇਮ ਨਾਲ ਕੀਤੀ। ਨਿਯਤ ਦਿਨ ਤੇ ਜਦ ਨੰਦ ਲਾਲ ਜੀ ਦੇ ਗਲ ਵਿਚ ਕੰਠੀ ਪਾਉਣ ਲੱਗੇ ਤਦ ਬਾਲਕ ਨੇ ਪੁੱਛਿਆ:-

'ਇਹ ਕੰਠੀ ਮੇਰੇ ਗਲ ਵਿਚ ਕਿਉਂ ਪਾਂਉਦੇ ਹੋ?'

ਗੁਰੂ— ਬੇਟਾ! ਇਹ ਬੈਰਾਗੀ ਮਤ ਦਾ ਚਿੰਨ੍ਹ ਹੈ, ਤੇ ਇਸ ਸੰਪ੍ਰਦਾ ਦੇ ਹਰ ਇਕ ਮਨੁੱਖ ਨੂੰ ਇਹ ਧਾਰਨ ਕਰਨੀ ਚਾਹੀਦੀ ਹੈ, ਇਸ ਦਾ ਭਾਵ ਇਹ ਹੈ ਕਿ ਅੱਜ ਤੋਂ ਤੁਸਾਂ ਸਾਨੂੰ ਗੁਰੂ ਧਾਰਨ ਕਰ ਲਿਆ ਹੈ।

ਨੰਦ ਲਾਲ— ਜੇ ਕੰਠੀ ਪਾਉਣ ਦਾ ਮਤਲਬ ਗੁਰੂ ਧਾਰਨ ਕਰਨ ਦਾ ਹੈ, ਤਾਂ ਮੈਂ ਅਜੇ ਤਕ ਕੋਈ ਗੁਰੂ ਨਹੀਂ ਧਾਰਿਆ, ਤੇ ਨਾ ਹੀ ਤੁਸਾਂ ਹੁਣ ਤਕ ਮੈਨੂੰ ਕੋਈ ਅਜੇਹੀ ਸਿਖਯਾ ਦਿਤੀ ਹੈ ਜਿਸ ਤੋਂ ਮੈਂ ਤੁਹਾਨੂੰ ਗੁਰੂ ਮੰਨ ਸਕਾਂ, ਇਸ ਲਈ ਕ੍ਰਿਪਾ ਕਰਕੇ ਹਾਲੀ ਮੈਨੂੰ ਕੰਠੀ ਪਾਉਣ ਤੋਂ ਮਾਫ਼ ਰੱਖੋ, ਜਦ ਮੈਂ ਗੁਰੂ ਧਾਰਨ ਕਰ ਲਵਾਂਗਾ ਤਦ ਕੰਠੀ ਪਾ ਲਵਾਂਗਾ। ਅਤੇ ਕਹਿਣ ਲੱਗਾ:-

**"ਨੰਦ ਲਾਲ ਕਰ ਜੋਰਿ ਬਖਾਨਾ।**
**ਇਸ ਕੰਠੀ ਤੇ ਅਨੰਦ ਨ ਜਾਨਾ।੬।**
**ਬਾਣੀ ਸੁੰਦਰ ਕੰਠੀ ਜੋਇ।**
**ਮੋਰ ਗਰੇ ਪਹਿਰਾਵੋ ਸੋਇ।**
**ਗੁਰ ਪਰਮੇਸੁਰ ਜਸ ਜਿਸੁ ਮਾਹੀ।**
**ਬਰਨਨ ਕਰਤੇ ਤ੍ਰਿਪਤੌਂ ਨਾਂਹੀ।੭।**
**ਸਦਾ ਕੰਠ ਮੈਂ ਸੁੰਦਰ ਸੋਹੈ।**
**ਪੜ੍ਹਨ ਸੁਨਨਿ ਤੇ ਜਨ ਮਨ ਮੋਹੈ।"**
(ਸੂਰਜ ਪ੍ਰਕਾਸ਼, ਰੁਤ ੩-੨੪)

ਜਿਸ ਤੋਂ ਨੰਦ ਲਾਲ ਜੀ ਦੇ ਮਾਤਾ ਪਿਤਾ ਤੇ ਹੋਰ ਸਾਰੇ ਸਾਕ ਸਨਬੰਧੀ ਅਚਰਜ ਰਹਿ ਗਏ। ਦੀਵਾਨ ਜੀ ਗੁਰੂ ਦੇ ਮੂੰਹ ਵਲ ਤੇ ਗੁਰੂ ਦੀਵਾਨ ਦੇ ਮੂੰਹ ਵੱਲ ਲਗੇ ਬਿਟ ਬਿਟ ਵੇਖਣ, ਪਰੰਤੂ ਕਿਸੇ ਨੂੰ ਕੋਈ ਗੱਲ ਨਾ ਅਹੁੜੇ, ਜਿਸ ਤੇ ਪਿਤਾ ਨੇ ਪੁੱਤਰ ਨੂੰ ਕਿਹਾ ਕਿ:-

 www.sikhbookclub.com

ਦੀਵਾਨ ਜੀ-ਬੇਟਾ! ਅਸੀਂ ਸ੍ਰੀ ਰਾਮਾ ਨੰਦ ਜੀ ਦੇ ਘਰ ਦੇ ਸੇਵਕ ਹਾਂ, ਸਾਨੂੰ ਹੁਕਮ ਹੈ ਕਿ ਇਹ ਕੰਠੀ ਜ਼ਰੂਰ ਗਲ ਵਿਚ ਪਾਈ ਜਾਏ, ਇਸ ਲਈ ਗੁਰੂ ਜੀ ਦਾ ਹੁਕਮ ਮੰਨ ਕੇ ਕੰਠੀ ਗਲ ਵਿਚ ਪੁਆ ਲਓ।

ਨੰਦ ਲਾਲ-ਪਿਤਾ ਜੀ! ਮੈਂ ਆਪ ਦੀ ਆਗਜਾ ਹਰ ਵਕਤ ਪਾਲਣ ਨੂੰ ਤਿਆਰ ਹਾਂ, ਗੁਰੂ ਜੀ ਨੇ ਜੋ ਕੁਝ ਕੰਠੀ ਪਾਣ ਦੇ ਗੁਣ ਦੱਸੇ ਹਨ, ਉਹ ਇਹ ਹਨ ਕਿ ਕੰਠੀ ਪਾਣਾ ਗੁਰੂ ਧਾਰਨ ਕਰਨ ਦਾ ਚਿੰਨ੍ਹ ਹੈ, ਸੋ ਜਦ ਮੈਂ ਅਜੇ ਕੋਈ ਗੁਰੂ ਹੀ ਧਾਰਨ ਨਹੀਂ ਕੀਤਾ ਤਾਂ ਕੰਠੀ ਪਾਉਣ ਦੇ ਕੀ ਅਰਥ? ਜਦ ਕੋਈ ਮੈਨੂੰ ਐਸਾ ਸੱਜਣ ਪੁਰਸ਼ ਮਿਲ ਗਿਆ ਕਿ ਜਿਸ ਨੇ ਮੇਰੇ ਦਿਲ ਦੇ ਸੰਸੇ ਨਵਿਰਤ ਕਰ ਦਿੱਤੇ ਤੇ ਮੈਨੂੰ ਪਰਮਾਤਮਾਂ ਨੂੰ ਮਿਲਾ ਦਿੱਤਾ, ਤਦ ਮੈਂ ਇਕ ਨਹੀਂ ਸੌ ਕੰਠੀ ਵੀ, ਜਦ ਉਸ ਨੇ ਕਹੀ, ਪਾਉਣ ਨੂੰ ਤਿਆਰ ਹੋ ਜਾਵਾਂਗਾ। ਬਾਕੀ ਰਹੀ ਰਿਵਾਜ ਦੀ ਗੱਲ, ਸੋ ਇਹ ਠੀਕ ਨਹੀਂ, ਕਿਉਂਕਿ:- 'ਲੀਕ ਲੀਕ ਗਾਡੀ ਚਲੇ ਲੀਕੇ ਚਲੇ ਕਪੂਤ।
ਤੀਨੋਂ ਲੀਕੇ ਨਾ ਚਲੇਂ ਸੂਰਾ, ਸਿੰਘ, ਸਪੂਤ॥'

ਸੋ ਆਪ ਹੁਣ ਇਸ ਗੱਲ ਤੇ ਬਹੁਤੀ ਵਾਰ ਜ਼ੋਰ ਨਾ ਦਿਓ।

ਜਦ ਪਿਤਾ ਨੇ ਬੇਟੇ ਵੱਲੋਂ ਅਜੇਹੀਆਂ ਗੱਲਾਂ ਸੁਣੀਆਂ ਤਾਂ ਨਿਰਾਸਤਾ ਜਿਹੀ ਵਿਚ ਪੈ ਗਿਆ ਤੇ ਨੰਦ ਲਾਲ ਜੀ ਦੇ ਨਾਲ ਪੜ੍ਹਨ ਵਾਲੇ ਬਾਲਾਂ ਤੇ ਉਸ ਦੇ ਉਸਤਾਦ ਮੌਲਵੀ ਜੀ ਤੋਂ ਇਸਨੂੰ ਅਜੇਹਾ ਕਰਨ ਲਈ ਅਖਵਾਇਆ, ਪ੍ਰੰਤੂ ਜਦ ਕਿਸੇ ਦੀ ਵੀ ਪੇਸ਼ ਨਾ ਗਈ ਤਾਂ ਅੰਤ ਨੂੰ ਇਹ ਆਖ ਕੇ ਕਿ ਅੱਛਾ ਵਿਆਹ ਦੇ ਸਮੇਂ ਕੰਠੀ ਪਾ ਲਈ ਜਾਵੇਗੀ, ਦੀਵਾਨ ਜੀ ਦੇ ਗੁਰੂ ਤੇ ਉਨ੍ਹਾਂ ਦੇ ਸਾਥੀ ਬੈਰਾਗੀ ਸੰਤ ਵਿਦਾ ਕਰ ਦਿੱਤੇ ਗਏ।

**ਮਾਤਾ ਪਿਤਾ ਦਾ ਚਲਾਣਾ** : ਜਦ ਨੰਦ ਲਾਲ ਜੀ ਦੀ ਆਯੂ 17 ਸਾਲ ਦੀ ਹੋਈ ਤਾਂ ਆਪ ਦੀ ਮਾਤਾ ਚਲਾਣਾ ਕਰ ਗਈ, ਤੇ ਅਜੇ ਮਾਤਾ ਦੇ ਗੁਜ਼ਰ ਜਾਣ ਦੇ ਸਦਮੇਂ ਨੂੰ ਦੋ ਵਰ੍ਹੇ ਵੀ ਨਹੀਂ ਬੀਤੇ ਸਨ ਕਿ ਆਪ ਦੇ ਪਿਤਾ ਦੀਵਾਨ ਛੱਜੂ ਰਾਮ ਜੀ ਵੀ ਚਲਾਣਾ ਕਰ ਗਏ, ਜਿਸ ਤੋਂ ਆਪ ਦੇ ਨਰਮ ਦਿਲ ਉਤੇ ਹੋਰ ਵੀ ਸੱਟ ਵੱਜੀ। ਪ੍ਰੰਤੂ ਸਿਰ ਉਤੇ ਨਾਨਕਿਆਂ ਦੇ ਹੱਥ ਰੱਖਣ ਤੇ ਨਵਾਬ ਦੇ ਦਿਲਾਸੇ ਨਾਲ ਆਪ ਦਾ ਦਿਲ ਪਰਚ ਗਿਆ। ਅਤੇ ਜਦ ਪਿਤਾ ਦੇ ਦਾਹ ਕਰਮ ਤੋਂ ਵਿਹਲੇ ਹੋਏ ਤਦ ਨਵਾਬ ਪਾਸ ਪਿਤਾ

ਦੀ ਜਗ੍ਹਾ ਕੰਮ ਕਰਨ ਲਈ ਦਰਖ਼ਾਸਤ ਦਿਤੀ, ਪ੍ਰੰਤੂ ਨਵਾਬ ਜੀ ਨੇ ਇਹ ਕਹਿ ਕੇ ਕਿ ਤੁਹਾਡੇ ਪਿਤਾ ਪੁਰਾਣੇ ਨੌਕਰ ਤੇ ਬੜੇ ਤਜਰਬੇਕਾਰ ਸੇ, ਜਿਸ ਤੋਂ ਉਹ ਇਸ ਕੰਮ ਨੂੰ ਨਜਿੱਠਣ ਲਈ ਸਮਰਥ ਸੇ, ਪ੍ਰੰਤੂ ਤੁਸੀਂ ਅਜੇ ਨੌਜਵਾਨ ਹੋ, ਇਸ ਲਈ ਪਹਿਲਾਂ ਕਿਸੇ ਹੋਰ ਨਿਕੀ ਆਸਾਮੀ ਤੇ ਕੰਮ ਕਰੋ, ਜਦ ਆਪ ਨੂੰ ਤਜਰਬਾ ਹੋ ਜਾਵੇਗਾ, ਤਦ ਆਪਨੂੰ ਦੀਵਾਨ ਦੀ ਜਗ੍ਹਾ ਉਤੇ ਹੀ ਕੰਮ ਕਰਨ ਲਈ ਨੀਯਤ ਕਰ ਦਿਤਾ ਜਾਏਗਾ। ਨਵਾਬ ਦੇ ਇਸ ਉਤਰ ਪੁਰ ਆਪ ਨਿਰਾਸ ਹੋ ਗਏ, ਅਰ ਉਸ ਦੇਸ਼ ਨੂੰ ਛਡਕੇ ਹਿੰਦੁਸਤਾਨ ਵਲ ਆਉਣ ਦੀ ਨੀਯਤ ਧਾਰ ਲਈ। ਸੋ ਆਪ ਨੇ ਚੁਪ ਚਾਪ ਜਿਤਨਾ ਬਾਹਰ ਲੈਣਾ ਦੇਣਾ ਸੀ ਇਕੱਠਾ ਕਰ ਲਿਆ, ਤੇ ਹੋਰ ਜਾਇਦਾਦ ਵੇਚ ਵੱਟ ਕੇ ਆਪਣੇ ਪਿਤਾ ਦੇ ਇਕ ਮਿੱਤ੍ਰ ਨਾਲ, ਜੋ ਕਾਫ਼ਲਾ ਬਣਾ ਕੇ ਹਿੰਦ ਵਿਚ ਆਉਣ ਵਾਲਾ ਸੀ, ਤਿਆਰ ਹੋ ਗਏ, ਤੇ ਆਪਣਾ ਮਾਲ ਅਸਬਾਬ ਜੋ ਕੁਛ ਲਿਆ ਸੱਕੇ ਖੱਚਰਾਂ ਉਤੇ ਲੱਦਕੇ ਕੂਚ ਕਰ ਦਿਤਾ। ਇਸ ਤਰ੍ਹਾਂ ਚਲਦੇ ਚਲਦੇ ਆਪ ਜਦ ਮੁਲਤਾਨ ਪੁੱਜੇ ਤਾਂ ਇਥੇ ਨਿਵਾਸ ਕਰਨ ਦਾ ਖਿਆਲ ਪੈਦਾ ਹੋ ਗਿਆ, ਜਿਸ ਤੋਂ ਕਾਫਲੇ ਵਾਲਿਆਂ ਤੋਂ ਛੁੱਟੀ ਲੈ ਇਥੇ ਹੀ ਮਕਾਨ ਕਿਰਾਏ ਤੇ ਲੈ ਲਿਆ। ਪ੍ਰੰਤੂ ਸ਼ਹਿਰ ਦੀ ਵੱਸੋਂ ਸੰਘਣੀ ਹੋਣ ਕਰਕੇ ਇਹਨਾਂ ਦਾ ਦਿਲ ਸ਼ਹਿਰ ਵਿਚ ਨਾ ਲੱਗਾ। ਇਕ ਦਿਨ ਦਿੱਲੀ ਦਰਵਾਜੇ ਵੱਲੋਂ ਹੋ ਕੇ ਆਪ ਜਦ ਬਾਹਰ ਸੈਰ ਕਰਨ ਨੂੰ ਜਾ ਰਹੇ ਸਨ, ਤਾਂ ਇਧਰ ਖੁੱਲ੍ਹੀ ਥਾਉਂ ਤੇ ਖਤ੍ਰੀਆਂ ਦੇ ਘਰ ਵੇਖਕੇ ਇਹ ਜਗ੍ਹਾ ਮੁੱਲ ਲੈ ਲਈ ਤੇ ਮਕਾਨ ਆਦਿਕ ਤਿਆਰ ਕਰਵਾ ਲਏ। ਇਸੇ ਤਰ੍ਹਾਂ ਨਾਲ ਇਥੇ ਹੋਰ ਕਈ ਆਦਮੀਆਂ ਨੇ ਆਕੇ ਜਗ੍ਹਾ ਲੈ ਕੇ ਮਕਾਨ ਬਨਾਉਣੇ ਸ਼ੁਰੂ ਕਰ ਦਿਤੇ, ਜਿਸ ਤੋਂ ਇਹ ਜਗ੍ਹਾ ਵੀ ਸ਼ਹਿਰ ਦੀ ਸ਼ਕਲ ਵਿਚ ਆ ਗਈ, ਜਿਸਦਾ ਨਾਮ ਅੱਜ ਕਲ 'ਆਗ਼ਾ ਪੁਰ' ਕਰਕੇ ਪ੍ਰਗਟ ਹੈ। 'ਪ੍ਰੇਮ ਫੁਲਵਾੜੀ' ਦੇ ਕਰਤਾ ਜੀ ਦਾ ਕਥਨ ਹੈ ਕਿ ਨੰਦ ਲਾਲ ਜੀ ਨੇ ਇਸ ਜਗ੍ਹਾ ਦਾ ਨਾਮ ਆਪਣੇ ਆਗਮਨ ਦੇ ਕਾਰਨ 'ਆਗਮਨ ਪੁਰਾ' ਰੱਖਿਆ, ਇਹ ਨਾਮ ਪਿਛੋਂ ਵਿਗੜਦਾ ਵਿਗੜਦਾ 'ਆਗਮਨ ਪੁਰ' ਦੀ ਥਾਂਵੇਂ ਲੋਕਾਂ ਦੀ ਜ਼ਬਾਨ ਉਤੇ 'ਆਗ਼ਾ ਪੁਰਾ' ਚੜ੍ਹ ਗਿਆ, ਜਿਸ ਤੋਂ ਇਹ ਨਾਮ ਹੀ ਪ੍ਰਚੱਲਤ ਹੋ ਗਿਆ। ਅਸੀਂ ਨਹੀਂ ਕਹਿ ਸਕਦੇ ਜੋ 'ਪ੍ਰੇਮ ਫੁਲਵਾੜੀ' ਦੇ ਕਰਤਾ ਜੀ ਨੇ ਇਸ ਮਹੱਲੇ ਦੇ ਨਾਮ ਦਾ ਇਹ ਕਾਰਨ ਕਿਸੇ ਇਤਿਹਾਸਕ ਪ੍ਰਮਾਣ ਤੋਂ ਦਿੱਤਾ ਹੈ, ਜਾਂ ਆਪਣੀ ਸਮਝ ਤੋਂ ਉਹ ਇਸ

ਨਤੀਜੇ ਤੇ ਪੁਜੇ ਹਨ? ਜੇ ਤਾਂ ਆਪ ਦਾ ਇਹ ਕਥਨ ਕਿਸੇ ਇਤਿਹਾਸਕ ਖੋਜ ਤੇ ਨਿਰਭਰ ਹੈ, (ਜਿਸ ਦਾ ਜ਼ਿਕਰ ਆਪ ਨੇ ਕਿਧਰੇ ਨਹੀਂ ਕੀਤਾ) ਤਦ ਤਾਂ ਇਹ ਖੋਜ ਆਪ ਦੀ ਬੜੀ ਅਮੋਲਕ ਹੈ, ਪ੍ਰੰਤੂ ਜੇ ਉਨ੍ਹਾਂ ਨੇ ਆਪਣਾ ਹੀ ਕਿਆਸ ਪ੍ਰਗਟ ਕੀਤਾ ਹੈ ਤਾਂ ਹੋ ਸਕਦਾ ਹੈ ਕਿ ਭਾਈ ਨੰਦ ਲਾਲ ਜੀ ਦੇ ਇਸ ਪਿੰਡ ਦਾ ਨਾਮ 'ਆਗ਼ਾ ਪੁਰ' ਹੋਣ ਦਾ ਇਹ ਕਾਰਨ ਵੀ ਹੋਵੇ ਕਿ ਇਸ ਪਾਸੇ ਦੇ ਹਿੰਦੂ ਕਾਬਲ ਦੀ ਧਰਤੀ ਦੇ ਆਦਮੀਆਂ ਨੂੰ 'ਆਗ਼ਾ' 'ਆਗ਼ਾ' ਕਰਕੇ ਪੁਕਾਰਦੇ ਹਨ, ਚੂੰਕਿ ਭਾਈ ਨੰਦ ਲਾਲ ਜੀ ਵੀ ਕਾਬਲ ਦੀ ਧਰਤੀ ਦੇ ਰਹਿਣ ਵਾਲੇ ਸੇ, ਇਸ ਲਈ ਸੰਭਵ ਹੈ ਕਿ ਇਨ੍ਹਾਂ ਨੂੰ ਵੀ ਲੋਕ ਪਹਿਲੀਆਂ ਵਿਚ 'ਆਗ਼ਾ' ਸੱਦਦੇ ਹੋਣ ਤੇ ਇਸੇ ਤੋਂ ਇਨ੍ਹਾਂ ਦੇ ਪਿੰਡ/ਮਹੱਲੇ ਦਾ ਨਾਮ 'ਆਗ਼ਾ ਪੁਰਾ' ਪੈ ਗਿਆ ਹੋਵੇ। ਬ-ਹਰ ਹਾਲ ਇਹ ਮਹੱਲਾ ਆਪ ਦੇ ਵੱਸਣ ਕਰਕੇ ਵੱਸਿਆ ਤੇ ਹੁਣ ਤਕ ਉਨ੍ਹਾਂ ਦੀ ਯਾਦਗਾਰ ਹੈ।

**ਵਿਆਹ** : ਨੰਦ ਲਾਲ ਜੀ ਨੂੰ ਜਦ ਇਥੇ ਰਹਿੰਦਿਆਂ ਕੁਝ ਸਮਾਂ ਗੁਜ਼ਰ ਗਿਆ ਤਾਂ ਇਨ੍ਹਾਂ ਦੇ ਮਹੱਲੇ ਵਿਚੋਂ ਇਕ ਖਤ੍ਰੀ ਨੇ ਇਹਨਾਂ ਨੂੰ ਗੁਣਵਾਨ, ਧਨਵਾਨ, ਵਿਦਜਾਵਾਨ, ਸੁੰਦਰ ਜੁਵਾਨ ਤੇ ਸ਼ੀਲ ਸੁਭਾਉ ਦਾ ਵੇਖ ਕੇ ਆਪਣੀ ਲੜਕੀ ਦਾ ਨਾਤਾ ਇਨ੍ਹਾਂ ਨਾਲ ਕਰ ਦਿਤਾ, ਜਿਸ ਤੋਂ ਹੁਣ ਆਪ ਦਾ ਦਿਲ ਏਥੇ ਚੰਗੀ ਤਰ੍ਹਾਂ ਲਗ ਗਿਆ ਤੇ ਆਪ ਦੀ ਸੁਪਤਨੀ ਦੇ ਸੁਘੜ ਤੇ ਸੁਚੱਜਾ ਹੋਣ ਦੇ ਕਾਰਨ ਨੰਦ ਲਾਲ ਜੀ ਆਪਣੇ ਆਪ ਨੂੰ ਬੜਾ ਹੀ ਸੁਭਾਗਾ ਸਮਝਣ ਲੱਗੇ। ਇਨ੍ਹਾਂ ਦੀ ਸੁਪਤਨੀ ਇਕ ਸਿੱਖ ਘਰਾਣੇ ਦੀ ਲੜਕੀ ਸੀ। ਨੰਦ ਲਾਲ ਜੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਸੰਗ ਤੇ ਇਨ੍ਹਾਂ ਦੀ ਪਵਿਤ੍ਰ ਬਾਣੀ ਆਪਣੀ ਇਸਤ੍ਰੀ ਪਾਸੋਂ ਸੁਣ ਕੇ ਇਸ 'ਵਿਛੁੜੇ ਮੇਲਣ ਵਾਲੇ' ਤੇ 'ਦਰਗਾਹ ਦੇ ਬਸੀਠ' ਗੁਰੂ ਵਲ ਝੁਕ ਪਏ*।

---

* ਭਾਈ ਰਾਮ ਕਿਸ਼ਨ ਸਿੰਘ ਜੀ ਲਿਖਦੇ ਹਨ ਕਿ ਭਾਈ ਨੰਦ ਲਾਲ ਜੀ ਨੇ ਮੁਲਤਾਨ ਵਿਚ ਇਕ ਉਦਾਸੀ ਸੰਤਾਂ ਦੇ ਡੇਰੇ ਦੇ ਮਹੰਤ ਪਾਸੋਂ ਸਿੱਖ ਮਤ ਦੀ ਸਿਖਿਆ ਪੜ੍ਹੀ, ਇਉਂ ਗੁਰੂ ਘਰ ਵਲ ਝੁਕਾਉ ਹੋਇਆ।

 www.sikhbookclub.com

**ਨੌਕਰ ਹੋ ਗਏ** : ਜਿਸ ਸਮੇਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਨ੍ਹਾਂ ਦਿਨਾਂ ਵਿਚ ਮੁਲਤਾਨ ਕਾਬਲ ਦਾ ਇਕ ਸੂਬਾ ਸਮਝਿਆ ਜਾਂਦਾ ਸੀ। ਜਦ ਇਥੋਂ ਦੇ ਹਾਕਮ ਨੇ ਆਪ ਦੇ ਗ਼ਜ਼ਨੀ ਤੋਂ ਆਉਣ ਦਾ ਸਮਾਚਾਰ ਸੁਣਿਆ ਤਾਂ ਮਿਲਣ ਲਈ ਸੱਦ ਭੇਜਿਆ ਤੇ ਮਿਲਣ ਪੁਰ ਇਨ੍ਹਾਂ ਦੀ ਵਿਦਵਤਾ, ਬੁੱਧੀਮਤਾ ਤੇ ਸਿਆਣਪ ਉਤੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਆਪਣਾ ਮੀਰ ਮੁਨਸ਼ੀ (ਦੀਵਾਨ) ਨੀਯਤ ਕਰ ਲਿਆ।

**ਸੰਤਾਨ** : ਜਦ ਆਪ ਦੀ ਉਮਰ 40 ਸਾਲ ਦੇ ਲਗ ਪਗ ਪੁੱਜੀ ਤਾਂ ਆਪ ਦੇ ਘਰ ਇਕ ਲੜਕਾ ਉਤਪੰਨ ਹੋਇਆ, ਜਿਸ ਦਾ ਨਾਮ 'ਲਖਪਤਰਾਇ' ਰੱਖਿਆ ਤੇ ਇਸ ਤੋਂ ਦੋ ਵਰ੍ਹੇ ਪਿਛੋਂ ਇਕ ਹੋਰ ਲੜਕਾ ਹੋਇਆ ਜਿਸ ਦਾ ਨਾਮ 'ਲੀਲਾ ਰਾਮ' ਰੱਖਿਆ।

**ਉਦਾਸੀਨਤਾ** : ਇਨ੍ਹਾਂ ਨੌਕਰੀ ਦੇ ਦਿਨਾਂ ਵਿਚ ਆਪ ਨੇ ਜਿਸ ਨੇਕਨਿਯਤੀ, ਦਿਆਨਤਦਾਰੀ ਤੇ ਈਮਾਨਦਾਰੀ ਨਾਲ ਕੰਮ ਕੀਤਾ ਉਸ ਦਾ ਸਿੱਟਾ ਇਹ ਨਿਕਲਿਆ ਕਿ ਸਾਰੇ ਹੀ ਅਫਸਰ ਆਪ ਪੁਰ ਬੜੇ ਹੀ ਪ੍ਰਸੰਨ ਹੋ ਗਏ। ਪਰੰਤੂ ਇਨ੍ਹਾਂ ਦੇ ਏਹ ਗੁਣ ਤੇ ਕੀਰਤੀ, ਇਨ੍ਹਾਂ ਦੇ ਬਾਕੀ ਸਾਥੀ ਮੁਲਾਜ਼ਮ ਨਾਂ ਸਹਾਰ ਸਕੇ, ਤੇ ਇਨ੍ਹਾਂ ਨੂੰ ਅਫਸਰਾਂ ਦੇ ਬਹੁਤਾ ਮੂੰਹ ਚਿਤ ਲਗਾ ਵੇਖ ਅਕਾਰਣ ਵੈਰ ਕਰਨ ਲਗ ਗਏ, ਜਿਸ ਤੋਂ ਆਪ ਨੇ ਇਸ ਮਾਮਲੇ ਨੂੰ ਡੂੰਘੀ ਵਿਚਾਰ ਨਾਲ ਵਿਚਾਰਕੇ ਨੌਕਰੀ ਛਡ ਦਿੱਤੀ ਤੇ ਆਪ ਮੁਲਤਾਨ ਸ਼ਹਿਰ ਤੋਂ ਉਦਾਸ ਹੋ ਗਏ। 50 ਸਾਲ ਦੀ ਉਮਰ ਵਿਚ ਜਦ ਇਨ੍ਹਾਂ ਦਾ ਵੱਡਾ ਲੜਕਾ ਪੰਜ ਤੇ ਨਿੱਕਾ ਲੜਕਾ ਤਿੰਨ ਸਾਲ ਦਾ ਸੀ, ਇਨ੍ਹਾਂ ਨੂੰ ਘਰ ਹੀ ਛਡ ਮੁਲਤਾਨੋਂ ਟੁਰ ਪਏ ਅਤੇ ਕਈ ਥਾਵਾਂ ਦੀ ਯਾਤਰਾ ਕਰਦੇ ਕਰਦੇ ਆਗਰੇ ਪੁੱਜੇ।

**ਬਹਾਦਰ ਸ਼ਾਹ ਦੇ ਮੀਰ ਮੁਨਸ਼ੀ ਹੋ ਗਏ**! : ਆਗਰੇ ਉਨ੍ਹਾਂ ਦਿਨਾਂ ਵਿਚ ਔਰੰਗਜ਼ੇਬ ਦਾ ਵੱਡਾ ਲੜਕਾ 'ਬਹਾਦਰ ਸ਼ਾਹ' ਹਕੂਮਤ ਕਰਦਾ ਸੀ। ਇਸ ਦੀ ਕਚਹਿਰੀ ਵਿਚ ਇਕ ਦਿਨ ਜਾ ਨਿਕਲੇ ਤੇ ਸ੍ਵੈ-ਰਚਿਤ ਇਕ ਫ਼ਾਰਸੀ ਕਸੀਦਾ ਦਰਬਾਰ ਵਿਚ ਸੁਣਾਇਆ, ਜਿਸ ਨੂੰ ਸੁਣ ਕੇ ਬਹਾਦਰ ਸ਼ਾਹ ਚੱਕ੍ਰਿਤ ਰਹਿ ਗਿਆ, ਤੇ ਅਗਲੇ ਦਿਨ ਮਿਲਣ ਲਈ ਕਿਹਾ। ਜਦ

ਦੂਜੇ ਦਿਨ ਮਿਲਣ ਤੇ ਗੱਲ ਬਾਤ ਹੋਈ ਤਦ ਇਨ੍ਹਾਂ ਨੇ ਆਪਣਾ ਗ਼ਜ਼ਨੀ ਤੋਂ ਲੈ ਕੇ ਹੁਣ ਤਕ ਦਾ ਸਾਰਾ ਪ੍ਰਸੰਗ ਸੁਣਾਇਆ। ਬਹਾਦਰ ਸ਼ਾਹ ਨੇ ਮੀਰ ਮੁਨਸ਼ੀ ਦਾ ਪਦ ਗ੍ਰਹਿਣ ਕਰਨ ਲਈ ਪ੍ਰੇਰਨਾ ਕੀਤੀ, ਜਿਸ ਨੂੰ ਆਪ ਨੇ ਸ੍ਵੀਕਾਰ ਕਰ ਲਿਆ। ਜਿੱਕੁਣ ਲਾਲ ਆਪਣੀ ਸੁੰਦਰਤਾ ਤੇ ਚਮਕ ਦਮਕ ਨਾਲ, ਕੌਡੀਆਂ ਵਿਚ ਪਿਆ, ਅੱਡਰਾ ਭਾਸਦਾ ਹੈ, ਇਸੇ ਤਰ੍ਹਾਂ ਨੰਦ ਲਾਲ ਜੀ ਆਪਣੀ ਸਿਆਣਪ ਤੇ ਚਤੁਰਤਾ ਨਾਲ ਸਾਰੇ ਮੁਨਸ਼ੀਆਂ ਤੋਂ ਵੱਖਰੇ ਭਾਸਣ ਲਗੇ ਤੇ ਇਨ੍ਹਾਂ ਨੂੰ ਚੋਟੀ ਦਾ ਆਦਮੀ ਸਮਝਿਆ ਜਾਣ ਲੱਗਾ। ਕੁਝ ਸਮਾਂ ਬੀਤਣ ਮਗਰੋਂ ਔਰੰਗਜ਼ੇਬ ਦੌਰਾ ਕਰਦਾ ਹੋਯਾ ਆਗਰੇ ਪੁੱਜਾ। ਇੱਥੇ ਬਾਦਸ਼ਾਹ ਨੂੰ ਬਾਦਸ਼ਾਹੀ ਦਰਬਾਰਾਂ ਤੇ ਮਜ਼੍ਹਬੀ ਜਲਸੇ ਕਰਨ ਦਾ ਬਹੁਤ ਮੌਕਾ ਮਿਲਿਆ। ਕੁਰਾਨ ਦੀ ਇਕ ਆਇਤ ਦਾ ਭਾਵ, ਜਿਸ ਦਾ ਮਤਲਬ ਇਸ (ਔਰੰਗਜ਼ੇਬ) ਦੀ ਸਮਝ ਵਿਚ ਨਹੀਂ ਆਉਂਦਾ ਸੀ, ਇਸ ਦੇ ਮੁਲਾਣਿਆਂ ਕੋਲੋਂ ਪੁੱਛਿਆ, ਪਰੰਤੂ ਕੋਈ ਉਸ ਦਾ ਉੱਤਰ ਨਾ ਦੇ ਸਕਿਆ। ਫੇਰ ਉਸ ਨੇ ਬਹਾਦਰ ਸ਼ਾਹ ਕੋਲੋਂ ਇਸ ਆਇਤ ਦਾ ਮਤਲਬ ਪੁੱਛਿਆ, ਪਰ ਇਹ ਵੀ ਉਸ ਵੇਲੇ ਕੋਈ ਤਸੱਲੀ-ਬਖਸ਼ ਉੱਤਰ ਨਾ ਦੇ ਸਕਿਆ। ਫੇਰ ਬਾਦਸ਼ਾਹ ਨੇ ਇਕ ਸਪਤਾਹ ਸੋਚਣ ਲਈ ਮੋਹਲਤ ਦਿਤੀ। ਦੋ ਤਿੰਨ ਦਿਨ ਮਗਰੋਂ ਨੰਦ ਲਾਲ ਤੇ ਬਹਾਦਰ ਸ਼ਾਹ ਦੀ ਮੁਲਾਕਾਤ ਹੋਈ, ਤਦ ਨੰਦ ਲਾਲ ਨੇ ਬਹਾਦਰ ਸ਼ਾਹ ਦੇ ਚਿਹਰੇ ਤੇ ਉਦਾਸੀ ਵੇਖ ਕਾਰਨ ਪੁੱਛਿਆ, ਜਿਸ ਤੇ ਉਸ ਨੇ ਔਰੰਗਜ਼ੇਬ ਦੇ ਪ੍ਰਸ਼ਨ ਦਾ ਹਾਲ ਦੱਸਿਆ। ਨੰਦ ਲਾਲ ਜੀ ਨੇ, ਜੋ ਫ਼ਾਰਸੀ ਤੇ ਅ਼ਰਬੀ ਦੇ ਬੜੇ ਡੂੰਘੇ ਵਿਦਵਾਨ ਸਨ, ਇਸ ਆਇਤ ਦੇ ਅਰਥ ਇਸ ਖ਼ੂਬੀ ਨਾਲ ਸਮਝਾਏ ਕਿ ਬਹਾਦਰ ਸ਼ਾਹ ਦੰਗ ਰਹਿ ਗਿਆ ਤੇ ਜਦ ਉਸ ਨੇ ਆਪਣੇ ਪਿਤਾ ਔਰੰਗਜ਼ੇਬ ਨੂੰ ਜਾਕੇ ਇਸ ਆਇਤ ਦੀ ਵਿਆਖਿਆ ਸੁਣਾਈ; ਤਾਂ ਉਸਦੀ ਤਸੱਲੀ ਹੋ ਗਈ। ਅੰਤ ਵਿਚ ਉਸ ਦੇ ਪੁੱਛਣ ਤੇ ਬਹਾਦਰ ਸ਼ਾਹ ਨੇ ਨੰਦ ਲਾਲ ਦਾ ਨਾਮ ਲਿਆ, ਜਿਸ ਤੋਂ ਉਸ ਨੇ ਦਰਬਾਰ ਵਿਚ ਇਨ੍ਹਾਂ ਨੂੰ ਹਾਜ਼ਰ ਹੋਣ ਦਾ ਹੁਕਮ ਦਿਤਾ।

**ਔਰੰਗਜ਼ੇਬ ਕੋਲ ਪੁੱਜਣਾ :** ਜਦ ਨੰਦ ਲਾਲ ਜੀ ਦਰਬਾਰ ਵਿਚ ਗਏ ਤਾਂ ਫਿਰ ਉਸੇ ਆਇਤ ਦੇ ਅਰਥ ਉਸ ਨੇ ਪੁੱਛੇ, ਜਦ ਇਨ੍ਹਾਂ ਨੇ ਅਰਥ ਕੀਤੇ ਤਾਂ ਔਰੰਗਜ਼ੇਬ ਇਨ੍ਹਾਂ ਦੇ ਖ਼ਿਆਲ ਦੀ ਉੱਚਤਾ ਤੇ ਵਿਦਯਾ ਦਾ ਬਲ

ਵੇਖ 'ਮਰਹਬਾ' 'ਮਰਹਬਾ' ਕਰ ਉਠਿਆ, ਤੇ ਬਹਾਦਰ ਸ਼ਾਹ ਨੂੰ ਅੱਡ ਬੁਲਾ ਕੇ ਹੁਕਮ ਦਿਤਾ ਕਿ ਅਜੇਹਾ ਵਿਦਜਵਾਨ 'ਹਿੰਦੂ' ਨਹੀਂ ਰਹਿਣਾ ਚਾਹੀਦਾ। ਜਿਸ ਤਰ੍ਹਾਂ ਹੋ ਸਕੇ ਇਸ ਨੂੰ ਮੁਸਲਮਾਨ ਕਰ ਲਿਆ ਜਾਵੇ।

**ਆਗਰੇ ਦਾ ਛੱਡਣਾ :** ਜਦ ਇਹ ਗੱਲ ਬਹਾਦਰ ਸ਼ਾਹ ਦੇ ਰਾਹੀਂ ਨੰਦ ਲਾਲ ਜੀ ਦੇ ਕੰਨਾਂ ਵਿਚ ਪੁਜੀ ਤਾਂ ਉਨ੍ਹਾਂ ਨੇ ਇਸ ਗੱਲ ਨੂੰ ਬਹੁਤ ਬੁਰਾ ਸਮਝਿਆ। ਗ਼ਜਾਸੁੱਦੀਨ ਕਚਹਿਰੀ ਦਾ ਦਰੋਗਾ, ਜੋ ਇਨ੍ਹਾਂ ਦਾ ਬੜਾ ਮੇਲੀ ਸੀ ਤੇ ਇਨ੍ਹਾਂ ਤੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਸੁਣ ਸੁਣ ਕੇ ਇਨ੍ਹਾਂ ਨੂੰ ਪੀਰ ਮੰਨ ਬੈਠਾ ਸੀ, ਇਹ ਸੁਣਕੇ ਫ਼ਿਕਰ ਵਿਚ ਪੈ ਗਿਆ, ਤੇ ਜਦ ਉਸ ਨੂੰ ਪਤਾ ਲਗਾ ਕਿ ਆਪ ਨੌਕਰੀ, ਧਨ, ਦੌਲਤ ਅਤੇ ਇੱਜ਼ਤ ਸਭ ਕੁਝ ਆਪਣੀ ਸਿੱਖੀ ਤੋਂ ਵਾਰਨ ਨੂੰ ਤਿਆਰ ਹਨ, ਤਾਂ ਉਸ ਦੇ ਦਿਲ ਨੂੰ ਹੋਰ ਵੀ ਚੋਭ ਵੱਜੀ। ਆਖ਼ਰ ਜਦ ਔਰੰਗਜ਼ੇਬ ਨੇ ਨੰਦ ਲਾਲ ਜੀ ਵਲੋਂ 'ਨ' ਅੱਖਰ ਹੀ ਸੁਣਿਆ, ਤਾਂ ਇਨ੍ਹਾਂ ਦੀ ਜਾਇਦਾਦ ਆਦਿਕ ਜ਼ਬਤ ਕਰ ਲੈਣ ਦਾ ਹੁਕਮ ਦਿਤਾ ਤੇ ਭਾਈ ਜੀ ਗ਼ਜਾਸੁੱਦੀਨ ਸਮੇਤ ਇਕ ਰਾਤ ਨੂੰ ਆਗਰੇ ਤੋਂ ਚੱਲਣ ਨੂੰ ਤਿਆਰ ਹੋ ਗਏ। ਬਹਾਦਰਸ਼ਾਹ, ਜੋ ਪਿਤਾ ਦੇ ਹੁਕਮ ਹੱਥੋਂ ਮਜ਼ਬੂਰ ਸੀ, ਬੜਾ ਦੁਖੀ ਹੋਇਆ ਤੇ ਉਸ ਨੇ ਖਾਹਸ਼ ਜ਼ਾਹਰ ਕੀਤੀ ਕਿ ਰਸਤੇ ਦੇ ਖਰਚ ਵਾਸਤੇ ਨੰਦ ਲਾਲ ਜੀ ਕੁਛ ਮਾਯਾ ਲੈ ਲੈਣ, ਪਰ ਇਨ੍ਹਾਂ ਨੇ ਨਾਂਹ ਹੀ ਕੀਤੀ ਤੇ ਬਾਕੀ ਆਯੂ ਪਰਮਾਰਥ ਵਲ ਲਗਾਉਣ ਲਈ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਣ ਦੀ ਨਿਯਤ ਧਾਰ ਆਗਰੇ ਤੋਂ ਚੱਲ ਪਏ। ਜਦ ਰੋਪੜ ਅੱਪੜੇ ਤਾਂ ਆਪ ਦੇ ਦਿਲ ਵਿਚ ਖਿਆਲ ਆਇਆ ਕਿ ਸੰਸਾਰਕ ਧਨ ਸਾਡੇ ਪਾਸ ਨਹੀਂ, ਗੁਰੂ ਜੀ ਦੇ ਪਾਸ ਅਨੰਦਪੁਰ ਪੁਜਕੇ ਭੇਟਾ ਕੀ ਰਖਾਂਗੇ?

**ਅਨੰਦਪੁਰ ਪੁਜਣਾ :** ਬਹੁਤ ਸੋਚ ਵਿਚਾਰ ਪਿਛੋਂ ਇਹੋ ਯੋਗ ਜਾਪਿਆ ਕਿ ਦਿਲ ਦੀ ਸ਼ਰਧਾ ਤੇ ਪ੍ਰੇਮ ਨੂੰ ਅੱਖਰਾਂ ਦਾ ਸਰੀਰ ਧਾਰਨ ਕਰਾ ਕੇ, ਕਵਿਤਾ ਦਾ ਜਾਮਾ ਪਹਿਨਾ ਕੇ ਗੁਰੂ ਜੀ ਦੇ ਚਰਨਾਂ ਵਿਚ ਪੇਸ਼ ਕੀਤਾ ਜਾਏ। ਜਿਸ ਤੇ ਆਪ ਨੇ ਫ਼ਾਰਸੀ ਵਿਚ ਇਕ ਪੋਥੀ ਲਿਖੀ ਤੇ ਨਾਮ 'ਬੰਦਗੀ ਨਾਮਾ' ਰਖਿਆ ਤੇ ਅਨੰਦਪੁਰ ਸਾਹਿਬ ਪੁਜੇ। ਗੁਰੂ ਜੀ ਦੇ ਦਰਸ਼ਨ ਕਰਦਿਆਂ ਹੀ

ਕ੍ਰਿਤ ਕ੍ਰਿਤ ਹੋ ਗਏ। ਇਥੇ ਦਿਨ ਰਾਤ ਨਾਮ ਦਾ ਪ੍ਰਵਾਹ ਚਲ ਰਿਹਾ ਸੀ ਜਿਸ ਨਾਲ ਭਾਈ ਨੰਦ ਲਾਲ ਜੀ ਦਾ ਦਿਲ ਕਵਲ ਦੀ ਤਰ੍ਹਾਂ ਖਿੜ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪੰਥ ਦੇ ਵਾਲੀ ਦੇ ਚਰਨਾਂ ਵਿਚ ਢਹਿ ਪਏ ਤੇ ਇਸ ਨੂਰ ਤੇ ਇਲਾਹੀ ਨੂਰ ਤੋਂ ਕੁਰਬਾਨ ਹੋਣ ਲੱਗੇ। ਕੁਝ ਦਿਨਾਂ ਮਗਰੋਂ ਇਨ੍ਹਾਂ ਦਾ ਸਾਥੀ ਗਿਆਸੁੱਦੀਨ ਛੁੱਟੀ ਮੁੱਕ ਜਾਣ ਦੇ ਕਾਰਨ ਵਾਪਸ ਚਲਾ ਗਿਆ ਤੇ ਦੀਵਾਨ ਨੰਦ ਲਾਲ ਜੀ ਹੁਣ 'ਭਾਈ ਨੰਦ ਲਾਲ' ਜੀ ਹੋ ਕੇ ਗੁਰਾਂ ਦੇ ਚਰਨਾਂ ਵਿਚ ਵੱਸਣ ਲੱਗੇ। ਗੁਰੂ ਜੀ ਦੇ 52 ਕਵੀਆਂ ਵਿਚੋਂ ਆਪ ਇਕ ਉੱਚੀ ਸ਼੍ਰੇਣੀ ਦੇ ਕਵੀ, ਗੁਰੂ ਜੀ ਦੇ ਸਿੱਖਾਂ ਵਿਚੋਂ ਆਪ ਇਕ ਰਹਿਣੀ ਬਹਿਣੀ ਦੇ ਪੂਰੇ ਅਨਿੰਨ ਸਿਖ ਸਮਝੇ ਜਾਣ ਲਗੇ। ਆਪ ਦੇ 'ਬੰਦਗੀ ਨਾਮੇ' ਨੂੰ ਸੁਣ ਕੇ ਗੁਰੂ ਜੀ ਨੇ 'ਜ਼ਿੰਦਗੀ ਨਾਮਾ' ਉਸ ਦਾ ਨਾਮ ਰੱਖਿਆ, ਜਿਹਾ ਕਿ ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ ਕਿ:-

"ਨੰਦ ਲਾਲ ਨੇ ਭੇਟ ਚੜ੍ਹਾਈ।
ਬੀਚ ਫਾਰਸੀ ਬੈਂਤ ਬਨਾਈ।
ਸਤਿਗੁਰ ਸਿਫਤ ਬ੍ਰਹਮ ਕੋ ਗਜਾਨ।
ਜੁਗਤਿ ਉਕਤਿ ਬਹੁ ਰੀਤਿ ਬਖਾਨ।2।
ਮੁਸਕਾਵਤ ਦਸਮੇਂ ਪਾਤਿਸ਼ਾਹੂ।
ਕ੍ਰਿਪਾ ਕਰਤ ਬੂਝਤ ਭੇ ਤਾਹੂ।
ਆਨਜੋਂ ਕਹਾ ਸੁਨਾਵਹੁ ਪਜਾਰੇ?
ਕਜਾ ਇਸ ਪੋਥੀ ਬੀਚ ਉਚਾਰੇ?3।
ਕਿਤਿਕ ਬੈਂਤ ਨੰਦ ਲਾਲ ਸੁਨਾਈ।
ਕਰੇ ਮਾਯਨੇ ਨੀਕ ਬਨਾਈ।...
ਸੁਨਿ ਸ੍ਰੀ ਸਤਿਗੁਰ ਕ੍ਰਿਪਾ ਨਿਧਾਨ।
ਬਹੁ ਪ੍ਰਸੰਨ ਹ੍ਵੈ ਕਰਤ ਬਖਾਨ।4।
ਰਚਜੋ 'ਬੰਦਗੀ ਨਾਮਾ' ਜੋਇ।
ਅਹੈ 'ਜ਼ਿੰਦਗੀ ਨਾਮਾ' ਸੋਇ।
ਕਰਜੋ ਸਰਾਹਨ ਨੀਕੇ ਬਨਜੋ।
ਪਠਤਿ ਸੁਨਤਿ ਹਿਤ ਦਾਯਕ ਭਨਜੋ।
(ਰੁਤ ੩, ਅੰਸੂ ੨੬)

ਤੇ ਗੁਰੂ ਘਰ ਦੀਆਂ ਪੁਸਤਕਾਂ ਵਿਚ ਇਸ ਕਵਿਤਾ ਨੂੰ ਵੀ ਇਕ ਖਾਸ ਜਗ੍ਹਾ ਦਿੱਤੀ। ਭਾਈ ਨੰਦ ਲਾਲ ਜੀ ਦੇ ਦਿਨ ਇਥੇ ਨਾਮ ਸਿਮਰਨ ਤੇ ਗੁਰੂ ਸੇਵਾ ਵਿਚ ਬਿਤੀਤ ਹੋਣ ਲਗੇ। ਅਨੰਦਪੁਰ ਵਿਚ ਕਈ ਸਿਖਾਂ ਨੇ ਆਏ ਗਏ ਅਭਜਾਗਤਾਂ ਲਈ ਡੇਰਿਆਂ ਵਿਚ ਲੰਗਰ ਖੋਹਲੇ ਹੋਏ ਸਨ, ਤੇ ਇਸੇ ਤਰ੍ਹਾਂ ਭਾਈ ਨੰਦ ਲਾਲ ਜੀ ਦੇ ਡੇਰੇ ਵੀ ਲੰਗਰ ਵਰਤੀਂਦਾ ਸੀ। ਇਕ ਦਿਨ ਚੋਜੀ ਸਤਿਗੁਰੁ ਪਹਿਰ ਕੁ ਦਿਨ ਚੜ੍ਹੇ (9-10 ਵਜੇ ਦੇ ਕਰੀਬ) ਭੇਸ ਬਦਲ ਕੇ ਜਿਥੇ ਜਿਥੇ ਲੰਗਰ ਵਰਤੀਂਦਾ ਸੀ, ਗਏ, ਪਰੰਤੂ ਕਿਸੇ ਨੇ ਕਿਹਾ ਅਜੇ ਦਾਲ ਨਹੀਂ ਬਣੀ, ਕਿਸੇ ਨੇ ਕਿਹਾ ਆਟਾ ਨਹੀਂ ਗੁੱਧਾ, ਤੇ ਕਿਸੇ ਨੇ ਕਿਹਾ ਅਜੇ ਰੋਟੀ ਵੇਲਾ ਨਹੀਂ ਹੋਇਆ, ਪਰੰਤੂ ਜਦ ਭਾਈ ਨੰਦ ਲਾਲ ਜੀ ਦੇ ਡੇਰੇ ਪੁਜੇ ਤਾਂ ਉਹਨਾਂ ਨੇ ਗੁੱਧਾ ਹੋਇਆ ਆਟਾ ਤੇ ਅਧ-ਰਿੱਝੀ ਦਾਲ ਲਿਆਕੇ ਅੱਗੇ ਰਖ ਦਿਤੀ ਤੇ ਕਿਹਾ ਕਿ ਐਸ ਵੇਲੇ ਇਹ ਕੁਝ ਹਾਜ਼ਰ ਹੈ। ਜਿਸ ਤੋਂ ਗੁਰੂ ਜੀ ਬੜੇ ਪ੍ਰਸੰਨ ਹੋਏ। ਜਦ ਗੁਰੂ ਸਾਹਿਬ ਨੇ ਅਨੰਦਪੁਰ ਛਡਿਆ ਤਾਂ ਭਾਈ ਨੰਦ ਲਾਲ ਜੀ ਨੂੰ ਹੁਕਮ ਦਿਤਾ ਕਿ ਮੁਲਤਾਨ ਜਾ ਕੇ ਪਾਠਸ਼ਾਲਾ ਖੋਹਲੇ।

**ਚਲਾਣਾ** : ਭਾਈ ਨੰਦ ਲਾਲ ਜੀ ਨੇ ਇਸ ਹੁਕਮ ਨੂੰ ਮੰਨ ਕੇ ਮੁਲਤਾਨ ਸ਼ਹਿਰ ਵਿਚ ਪਾਠਸ਼ਾਲਾ ਖੋਹਲ ਕੇ ਗੁਰਮਤਿ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਤੇ ਅੰਤ 72 ਸਾਲ ਦੀ ਆਯੂ ਵਿਚ ਆਪ ਗੁਰਪੁਰੀ ਨੂੰ ਪਧਾਰੇ।

**ਪ੍ਰਸੰਸਾ** : ਭਾਈ ਸਾਹਿਬ ਅਰਬੀ, ਫ਼ਾਰਸੀ ਤੇ ਸੰਸਕ੍ਰਿਤ ਦੇ ਪੰਡਤ ਸਨ। ਦੀਨ ਇਸਲਾਮ, ਸੂਫ਼ੀ ਮਤ, ਵੇਦਾਂਤ ਤੇ ਹਿੰਦੂ ਧਰਮ ਦੀ ਆਪ ਨੂੰ ਜ਼ਬਰਦਸਤ ਵਾਕਫ਼ੀ ਸੀ। ਆਪ ਦੀ ਫ਼ਾਰਸੀ ਕਵਿਤਾ ਬੜੀ ਹੀ ਰਸੀਲੀ ਤੇ ਮਨਮੋਹਣੀ ਹੈ। ਆਪ ਸਬਰ, ਸੰਤੋਖ, ਦਯਾ ਦੇ ਗੁਣਾਂ ਨਾਲ ਭਰਪੂਰ ਤੇ ਨਾਮ ਦੇ ਰਸੀਏ ਸਨ ਅਤੇ ਆਪ ਭਾਈ ਗੁਰਦਾਸ ਵਾਂਗ ਅਨਿੰਨ ਸਿਖ ਸੇ। ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨ ਭਗਤ ਸੇ। ਲਿਵ ਵਿਚ ਸਤਿਗੁਰ ਦੀ ਮੇਹਰ ਨਾਲ ਪ੍ਰਪੱਕ ਹੋ ਗਏ ਸੇ। ਇਹ ਸਾਰਾ ਕੁਛ ਉਹਨਾਂ ਦੀ ਰਚਨਾ ਤੋਂ ਵਿਦਤ ਹੈ।

**ਰਚਨਾਵਾਂ :** ਆਪ ਦੀਆਂ ਰਚਿਤ ਹੇਠ ਲਿਖੀਆਂ ਅੱਠ ਪੁਸਤਕਾਂ ਦੱਸੀਆਂ ਜਾਂਦੀਆਂ ਹਨ:-

(1) ਤੌਸੀਫ਼ੋ ਸਨਾ।
(2) ਖਾਤਮਾਹ।
(3) ਗੰਜ ਨਾਮਾ।
(4) ਜ਼ਿੰਦਗੀ ਨਾਮਾ।
(5) ਦੀਵਾਨ ਗੋਯਾ।
(6) ਦਸਤੂਰੁਲ ਇਨਸ਼ਾ।
(7) ਅਰਜ਼ੁਲ ਅਲਫ਼ਾਜ਼।
(8) ਜੋਤ ਵਿਗਾਸ (ਫ਼ਾਰਸੀ ਤੇ ਪੰਜਾਬੀ)

ਇਨ੍ਹਾਂ ਪੁਸਤਕਾਂ ਵਿਚੋਂ 'ਦੀਵਾਨ ਗੋਯਾ' (ਗ਼ਜ਼ਲਾਂ ਰੁਬਾਈਆਂ) ਅਰ 'ਜ਼ਿੰਦਗੀ ਨਾਮਾ' ਆਮ ਪ੍ਰਚਲਤ ਹਨ ਤੇ ਛਪੀਆਂ ਹੋਈਆਂ ਹਨ। ਜੋਤ ਵਿਗਾਸ ਦਾ ਭੀ ਤਰਜਮਾ ਛਪ ਚੁਕਾ ਹੈ ਅਤੇ ਗੰਜਨਾਮਾ ਇਹ ਪੁਸਤਕ ਹੈ ਜੋ ਇਸ ਵੇਲੇ ਆਪ ਦੇ ਹੱਥਾਂ ਵਿਚ ਹੈ। ਬਾਕੀ ਰਚਨਾਵਾਂ ਦੇ ਅਜੇ ਤਰਜਮੇ ਨਹੀਂ ਛਪੇ।

 www.sikhbookclub.com

# ਗੰਜ ਨਾਮਹ ਸਟੀਕ

ਅਰਥਾਤ ਦਸਾਂ ਪਾਤਸ਼ਾਹੀਆਂ ਦੀ ਫ਼ਾਰਸੀ ਵਿਚ
ਸਿਫ਼ਤਸਲਾਹ ਤੇ ਉਸਦਾ ਸਰਲਾਰਥ

-ਕ੍ਰਿਤ-

**ਭਾਈ ਨੰਦ ਲਾਲ ਗੋਇਆ**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਅਨਿੰਨ ਸਿੱਖ ਅਤੇ ਹਜ਼ੂਰੀ ਕਵੀ

-ਲਿਪੀਅੰਤਰਣ ਅਤੇ ਸਰਲਾਰਥ-

**ਭਾਈ ਸਾਹਿਬ ਭਾਈ ਵੀਰ ਸਿੰਘ**


www.sikhbookclub.com

ੴ ਸਤਿਗੁਰ ਪ੍ਰਸਾਦਿ॥

## ਵਾਹਿਗੁਰੂ ਜੀਉ ਸੱਤਿ

ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ॥
ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ॥
(ਵਾਰ ਜੈਤ: ਮ: ੫-੧੯-੭੧੦)

### ਮੂਲ

1. ਦਿਲੋ ਜਾਨਮ ਬ-ਹਰ ਸਬਾਹੋ ਮਸਾ,
ਸਰੋ ਫ਼ਰਕ਼ਮ ਜ਼ਿ ਰੂਏ ਸਿਦਕ਼ੋ ਸਫ਼ਾ।

2. ਬਾਦ ਬਰ ਮੁਰਸ਼ਿਦੇ ਤਰੀਕ਼ੇ ਨਸਾਰ,
ਅਜ਼ ਸਰੇ ਇਜਜ਼ ਸਦ ਹਜ਼ਾਰਾਂ ਬਾਰ।

3. ਕਿਹ ਜ਼ਿ ਇਨਸਾਂ ਮਲਕ ਨਮੂਦਸਤ ਓ,
ਇੱਜ਼ਤੇ ਖ਼ਾਕੀਆਂ ਫ਼ਜ਼ੂਦਸਤ ਓ।

4. ਖ਼ਾਸਗਾਂ ਜੁਮਲਾ ਖ਼ਾਕ ਪਾਏ ਓ,
ਹਮਹ ਮਲਕੂਤੀਆਂ ਫ਼ਿਦਾਏ ਓ।

5. ਗਰ ਫ਼ਰੋਜ਼ਦ ਹਜ਼ਾਰ ਮਿਹਰੋ ਮਾਹ,
ਅ਼ਲਮੇ ਦਾਂ ਜੁਜ਼ ਓ ਤਮਾਮ ਸਿਆਹ।

6. ਮੁਰਸ਼ਿਦੇ ਪਾਕ ਨੂਰੇ ਹਕ਼ ਆਮਦ।
ਜ਼ਾਂ ਸਬਬ ਦਰ ਦਿਲਮ ਸਬਕ਼ ਆਮਦ।

ੴ ਸਤਿਗੁਰ ਪ੍ਰਸਾਦਿ॥
ਅਕਾਲ ਪੁਰਖ ਸੱਚ ਹੈ।

ਭਾਈ ਜੀ ਨੇ ਇਸ ਗੁਰਬਾਣੀ ਦੇ ਸ਼ਲੋਕ ਨਾਲ ਮੰਗਲਾਚਰਣ ਕੀਤਾ ਹੈ, ਤੇ 'ਗੁਰੂ' ਦਾ ਮਹਾਤਮ ਆਪ ਬੀ ਅਗੇ ਦੱਸਣਗੇ।

**ਅਰਥ**

1.2. ਦਿਲ ਤੇ ਜਾਨ ਮੇਰੀ ਹਰ ਸਵੇਰ ਤੇ ਸ਼ਾਮ ਨੂੰ, ਸਿਰ ਤੇ ਚੋਟੀ ਮੇਰੀ, ਸਿਦਕ ਤੇ ਪਵਿੱਤ੍ਰਤਾ (ਸਫ਼ਾਈ) ਨਾਲ, ਰਸਤਾ ਦੱਸਣ ਵਾਲੇ ਗੁਰੂ ਤੋਂ ਕੁਰਬਾਨ ਹੋਵੇ, ਆਜਜ਼ੀ ਨਾਲ ਸੌ ਹਜ਼ਾਰਾਂ (ਲੱਖਾਂ) ਵੇਰੀ।

ਭਾਵ- ਮੇਰਾ ਦਿਲ ਤੇ ਜਾਨ ਸਫਾਈ ਤੇ ਪਵਿੱਤ੍ਰਤਾ ਨਾਲ ਸਿਰ ਤੇ ਚੋਟੀ ਆਜਜ਼ੀ ਨਾਲ ਸਵੇਰੇ ਤੇ ਸ਼ਾਮ ਨੂੰ ਕਈ ਹਜ਼ਾਰਾਂ ਵਾਰੀ ਗੁਰੂ ਉਤੋਂ ਕੁਰਬਾਨ ਹੋਵੇ।

3. ਕਿ ਆਦਮੀ ਤੋਂ ਦੇਵਤਾ ਬਣਾਇਆ ਹੈ ਉਸ ਨੇ, ਤੇ ਮਿੱਟੀ ਵਾਲਿਆਂ (ਮਿੱਟੀ ਦੇ ਸਰੀਰ ਵਾਲਿਆਂ) ਦੀ ਇੱਜ਼ਤ ਵੱਡੀ ਕੀਤੀ ਹੈ ਉਸ ਨੇ।

4. ਖ਼ਾਸ ਲੋਕ ਸਾਰੇ ਉਸ ਦੇ ਚਰਨਾਂ ਦੀ ਧੂੜੀ ਹਨ (ਤੇ) ਸਾਰੇ ਦੇਵਤੇ ਉਸ ਤੋਂ ਕੁਰਬਾਨ ਹਨ।

5. ਜੇ ਹਜ਼ਾਰ ਸੂਰਜ ਤੇ ਚੰਦ੍ਰਮਾ, ਚਾਨਣਾ ਕਰਨ (ਤਾਂ ਬੀ) ਜਹਾਨ ਨੂੰ ਉਸ (ਗੁਰੂ) ਦੇ ਬਗ਼ੈਰ ਸਾਰਾ ਹਨੇਰਾ ਜਾਣ।

6. ਮੁਰਸ਼ਿਦ (ਗੁਰੂ) ਪਵਿੱਤ੍ਰ ਨੂਰ ਰੱਬ ਦਾ ਆਯਾ ਹੈ, ਉਸ (ਦੇ) ਸਬੱਬ (ਮੇਹਰ ਨਾਲ) ਦਿਲ ਮੇਰੇ ਦੇ ਵਿਚ ਸਿੱਖਜਾ ਆਈ।

 www.sikhbookclub.com

7. ਆਂ ਕਸਾਨੇ ਕਜ਼ੋ ਨ ਯਾਦ ਆਰੰਦ।
ਸਮਰਹਏ ਜਾਨੋ ਦਿਲ ਬ-ਬਾਦ ਆਰੰਦ।

8. ਮਜ਼ਰਏ ਪੁਰ ਸਮਰ ਬ-ਅਰਜ਼ਾਨੀ,
ਚੂੰ ਬਬੀਨਦ ਜ਼ਿ ਦੂਰ ਸੈਰਾਨੀ।

9. ਇਨਬਸਾਤ ਆਇਦਸ਼ ਅਜ਼ਾਂ ਦੀਦਨ।
ਬਰ ਸ਼ਤਾਬਦ ਜ਼ਿ ਬਹਿਰੇ ਬਰ ਚੀਦਨ;

10. ਲੇਕ ਹਾਸਲ ਨਿਆਰਦ ਅਜ਼ ਵੈ ਬਾਰ,
ਬਾਜ਼ ਗਰਦਦ ਗੁਰਿਸਨਾ ਖ਼੍ਵਾਰੋ ਨਜ਼ਾਰ।

11. ਗ਼ੈਰ ਸਤਿਗੁਰ ਹਮਹ ਬਦਾਂ ਮਾਨਦ,
ਕਾਂ ਚੁਨਾਂ ਜ਼ਰਿਅ਼ ਬਾਰ-ਵਰ ਦਾਨਦ।

## ਸਲਤਨਤੇ ਅਵੱਲ

12. ਸਲਤਨਤੇ ਅੱਵਲਸ਼ ਫਰੋਗ਼ੇ ਅਨਵਾਰੇ—
ਹੱਕ਼-ਉਲ-ਸੁਬਹਾਂ, ਵ ਲਾਮਿਆ਼, ਅਫ਼ਰੋਜ਼ਿ ਇ਼ਲਮੇ ਹੱਕੋ਼ ਈਕ਼ਾਂ।

ਅ਼ਲਮ ਫ਼ਰਾਜ਼ੇ ਦਵਾਮ ਆਗਾਹੀ,
ਵ ਜ਼ੁਲਮਤਬਰਅੰਦਾਜ਼ੇ ਜ਼ਲਾਲਤੋ ਗੁਮਰਾਹੀ।

7. ਓਹ ਲੋਕ ਜੋ ਉਸ (ਗੁਰੂ) ਨੂੰ ਯਾਦ ਨਹੀਂ ਕਰਦੇ, ਜਾਨ ਤੇ ਦਿਲ ਦਾ ਫਲ ਬਰਬਾਦ ਕਰਦੇ ਹਨ।

8. ਜਿਹਾ ਕੁ ਖੇਤੀ ਫਲਾਂ ਦੀ ਭਰੀ ਹੋਈ ਤੇ ਬੇ-ਮੁੱਲੀ ਸੈਰ ਕਰਨ ਵਾਲਾ ਦੂਰੋਂ ਦੇਖਦਾ ਹੈ।

9. ਖੁਸ਼ੀ ਆਉਂਦੀ ਹੈ ਉਸ ਨੂੰ ਉਸ ਦੇ ਵੇਖਣ ਤੇ, (ਫਿਰ ਉਸ ਵੱਲ) ਦੌੜਦਾ ਹੈ ਵਾਸਤੇ ਫਲ ਚੁਣਨ ਦੇ।

10. ਪਰ ਜਦ ਪ੍ਰਾਪਤ ਨਹੀਂ ਹੁੰਦਾ (ਉਸ ਨੂੰ) ਉਸ ਤੋਂ ਫਲ (ਤਾਂ ਉਹ) ਮੁੜਦਾ ਹੈ ਭੁੱਖਾ, ਖੁਆਰ ਤੇ ਨਿਮਾਣਾ ਹੋ ਕੇ।

11. ਬਗ਼ੈਰ ਸਤਿਗੁਰ ਸਾਰਿਆਂ ਦੀ ਦਸ਼ਾ ਐਸੀ ਹੁੰਦੀ ਹੈ, ਜਿਹਾ ਕਿ ਉਹ (ਸੈਲਾਨੀ) ਫਲ ਵਾਲੀ ਖੇਤੀ ਨੂੰ ਜਾਣਦਾ ਹੈ।

ਭਾਵ- ਸਤਿਗੁਰ ਇਕ ਆਤਮ ਰਸ ਰੂਪੀ ਫਲਾਂ ਦੀ ਭਰੀ ਹੋਈ ਖੇਤੀ ਬੇ-ਮੁੱਲੀ ਹਨ, ਮੂਰਖ ਲੋਕ ਬਿਨਾਂ ਘਾਲ ਦੇ ਪ੍ਰਾਪਤ ਕੀਤੀ ਚਾਹੁੰਦੇ ਹਨ, ਪਰ ਉਨ੍ਹਾਂ ਦੀ ਉੱਥੋਂ ਤਕ ਪਹੁੰਚ ਨਹੀਂ ਹੋ ਸਕਦੀ, ਉਨ੍ਹਾਂ ਦੇ ਦਿਲ ਵਿਚ ਓਹੋ ਖ਼ਿਆਲ ਹੁੰਦੇ ਹਨ, ਜਿਹੇ ਕਿ ਉਸ ਸੈਲਾਨੀ ਦੇ ਦਿਲ ਵਿਚ ਫਲਾਂ ਭਰੀ ਬੇ-ਮੁੱਲੀ ਖੇਤੀ ਦੇਖ ਕੇ ਉਸ ਨੂੰ ਨਾ ਪ੍ਰਾਪਤ ਕਰ ਸਕਣ ਤੇ।

## ਪਹਿਲੀ ਪਾਤਸ਼ਾਹੀ

12. ਉਸ (ਗੁਰੂ ਰੂਪ ਪ੍ਰਕਾਸ਼) ਦੀ ਪਹਿਲੀ ਬਾਦਸ਼ਾਹੀ ਰੱਬ ਪਵਿੱਤ੍ਰ ਦੇ ਨੂਰਾਂ ਦਾ ਬਾਹਲਾ ਚਾਨਣਾ ਕਰਨ ਵਾਲੀ, ਅਤੇ ਯਕੀਨ ਤੇ ਸੱਚ ਦੇ ਇਲਮ (ਲਾਮਿਆ=) ਚਮਕਾਰੇ ਰੋਸ਼ਨ ਕਰਨ ਵਾਲੀ (ਹੈ)।

ਹਮੇਸ਼ਾ ਦੀ ਵਾਕਫੀ ਦਾ ਝੰਡਾ ਝੁਲਾਉਣ ਵਾਲੀ (ਅਰਥਾਤ ਰੱਬ ਦਾ ਰਸਤਾ ਦੱਸਣ ਵਾਲੀ ਹੈ), ਤੇ ਗੁਮਰਾਹੀ ਤੇ ਖੁਆਰੀ ਦਾ ਹਨੇਰਾ ਦੂਰ ਕਰਨ ਵਾਲੀ (ਹੈ)।

ਸਰਾ ਤ ਲਾ-ਮਕਾਨ ਗ਼ਾਸ਼ੀਆ ਬਰ ਦੋਸ਼ੇ ਫ਼ੁਰਮਾਨਸ਼,
ਵ ਅਜ਼ ਲਾਹੂਤ ਤਾ ਨਾਸੂਤ ਖ਼ਾਕ ਨਸ਼ੀਂ ਆਸਤਾਨਸ਼।

ਵਾਸਿਫ਼ਸ਼ ਖ਼ੁਦ ਹੱਕੁਲਮੁਤਅ੍ਾਲ,
ਵਾ ਤਾਲਬਸ਼ ਖ਼ੁਦ ਜ਼ਾਤੇ ਲਾਯਜ਼ਾਲ।

ਕਲਾਮੇ ਹਰ ਰੁਬਅ੍ ਵ ਸੁਦਸੇ* ਕੁਦਸ਼ੀ ਅਜ਼ ਤੌਸੀਫ਼ਸ਼ ਕਾਸਿਰ,
ਵ ਲਿਵਾਇ ਨੂਰ ਆਮਾਇਸ਼ ਬਰ ਹਰ ਦੋ ਆਲ ਮਨ੍ਾਸਿਰ,

ਮਸ਼ਅਲੇ ਇਰਸ਼ਾਦਸ਼ ਏਜ਼ਦੀ ਲਮਅ੍ਾਤ, ਵ ਪੇਸ਼ੇ ਨੂਰਸ਼ ਸਦ
ਹਜ਼ਾਰਾਂ ਮਾਹੋ ਖ਼ੁਰਸ਼ੀਦ ਗ਼ਰਕੇ ਜ਼ੁਲਮਾਤ।

ਦਰ ਇਰਸ਼ਾਦ ਵ ਹਦਾਇਤ ਬਆਲਮੀਆਂ ਕਫ਼ੀ ਦਰ ਜ਼ਮਾਨ,
ਵ ਸ਼ਫ਼ਾਅਤੇ ਹਰ ਦੋ ਜਹਾਂ ਰਾ ਊਫ਼ਾ।

ਖ਼ਿਤਾਬੇ ਹੱਕਸ਼ 'ਮੁਰਸ਼ਿਦੁਲ ਆਲਮੀਨ',
ਵ ਜ਼ਾਤ ਬਰ ਹਕ੍ਸ਼ 'ਰਹਿਮਤੁਲ ਮੁਜ਼ਨਬੀਨ'।

ਖ਼ਾਸਾਨੇ ਹਜ਼ਰਤੇ ਕਿਬਰੀਆ ਖ਼ਾਕਬੋਸਿ ਅਕ੍ਦਾਮਸ਼,
ਵਾ ਪਾਕਾਨਿ ਮਲਾਇ-ਅ੍ਾਲਾ ਹਲਕ੍ਹ ਬਗੋਸ਼ ਵ ਗ਼ੁਲਾਮਸ਼।

* ਰੁਬਅ=ਚਾਰ, ਭਾਵ ਵੇਦ। ਸੁਦਸ=ਛੇ, ਭਾਵ ਖਟ ਸ਼ਾਸਤ੍ਰ।

ਦ੍ਰਿਸ਼ਟਮਾਨ (ਸੰਸਾਰ) ਤੋਂ ਅਦ੍ਰਿਸ਼ਟ (ਰੂਹਾਂ ਦੇ ਜਹਾਨ) ਤੱਕ ਉਸ ਦੇ ਹੁਕਮ ਦਾ ਜ਼ੀਨਪੋਸ਼ (ਕਾਠੀ ਦਾ ਕੱਜਣ) ਮੋਢਿਆਂ ਤੇ ਉਠਾਉਣ ਵਾਲੇ ਹਨ, ਤੇ ਜੜ੍ਹ ਚੇਤਨ (ਲਾਹੂਤ ਤੋਂ ਨਾਸੂਤ) ਤਕ ਉਸ ਦੀਆਂ ਦਲੀਜ਼ਾਂ ਦੀ ਧੂੜੀ ਵਿਚ ਬੈਠਣ ਵਾਲੇ ਹਨ।

ਉਸ ਦੀ ਸਿਫਤ ਕਰਨ ਵਾਲਾ ਹੈ ਆਪ ਸਭ ਤੋਂ ਉੱਚਾ ਰੱਬ। ਉਸ ਦੀ ਚਾਹ ਰੱਖਣ ਵਾਲਾ ਆਪ ਅਕਾਲ ਪੁਰਖ।

ਚਾਰੇ ਵੇਦਾਂ ਤੇ ਛੇ ਸ਼ਾਸਤ੍ਰਾਂ ਵਿਚੋਂ ਹਰ ਇਕ ਦੀ ਬਾਣੀ (ਜੋ) ਪਵਿਤ੍ਰ (ਮੰਨੀ ਜਾਂਦੀ ਹੈ) ਉਸ (ਗੁਰੂ ਨਾਨਕ) ਦੀ ਉਸਤਤ ਕਰਨ ਤੋਂ ਅਸਮਰੱਥ ਹੈ, ਅਰ ਨੂਰ ਭਰਿਆ ਉਸ ਦਾ ਵਿਜਈ ਝੰਡਾ ਦੋ ਜਹਾਨਾਂ ਦੇ ਉਪਰ ਝੂਲ ਰਿਹਾ ਹੈ।

ਉਸ ਦੇ (ਪਵਿੱਤ੍ਰ) ਬਚਨਾਂ (ਹੁਕਮਾਂ) ਦੀ ਮਸਾਲ (ਦੀਵਾ) ਵਾਹਿਗੁਰੂ ਦੇ ਚਮਤਕਾਰ ਹਨ; ਉਸ ਦੇ ਨੂਰ ਦੇ ਸਾਹਮਣੇ ਸੌ ਹਜ਼ਾਰ (ਲੱਖਾਂ) ਚੰਦ ਤੇ ਸੂਰਜ ਹਨੇਰੇ ਵਿਚ ਡੁੱਬੇ ਹੋਏ ਸਨ। (ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ)।

(ਗੁਰੂ ਨਾਨਕ ਜੀ) ਸੰਸਾਰੀਆਂ ਨੂੰ ਆਗਜਾ ਅਤੇ ਹਦਾਇਤ ਦੇਣ ਵਿਚ ਜ਼ਮਾਨੇ ਵਿਚ ਉੱਚੇ ਹਨ ਤੇ ਦੋਹਾਂ ਜਹਾਨਾਂ ਦੀ ਸਿਫਾਰਸ਼ ਪੂਰੇ ਤੌਰ ਤੇ ਕਰਨ ਵਾਲੇ ਤੇ ਹਾਮੀ ਭਰਨ ਵਾਲੇ (ਹਨ)।

ਉਸ ਦਾ ਰੱਬ ਦਿੱਤਾ ਖਿਤਾਬ 'ਦੋ ਜਹਾਨਾਂ ਦਾ ਗੁਰੂ' ਹੈ, ਅਤੇ ਜ਼ਾਤ ਸੱਚੀ ਉਸ ਦੀ 'ਪਾਪੀਆਂ ਵਾਸਤੇ ਕ੍ਰਿਪਾਲੂ' ਹੈ।

ਵਾਹਿਗੁਰੂ ਦੀ ਕਚਹਿਰੀ ਦੇ ਖ਼ਾਸ ਲੋਕ ਉਸ ਦੇ ਚਰਨਾਂ ਦੀ ਧੂੜੀ ਚੁੰਮਣ ਵਾਲੇ ਹਨ ਅਤੇ ਪਵਿੱਤ੍ਰ ਵੱਡੇ ਦੇਵਤੇ ਤਾਬਿਆਦਾਰ ਤੇ ਦਾਸ (ਹਨ) ਉਸ ਦੇ।

 www.sikhbookclub.com

ਦੋ ਨੂਨਿ ਨਾਮਿ ਪਾਕਸ਼ ਨਈਮ ਵ ਨਸੀਰ,
ਵ ਅਲਫ਼ੇ ਮਿਆਨਾ ਅਹਦ,
ਵ ਕਾਫ਼ੇ ਆਖ਼ਰੀਨ ਕਬੀਰ,
ਫ਼ਕ਼ਰਸ਼ ਸਰਫ਼ਰਾਜ਼ੇ ਫ਼ਕਰੇ ਕਾਮਲ,
ਮਕਰਮਤਸ਼ ਬਰ ਹਰ ਦੋ ਆ਼ਲਮ ਸ਼ਾਮਲ।

ਵਾਹਿਗੁਰੂ ਜੀਉ ਸਤ

13. ਨਾਮੇ ਓ ਸ਼ਾਹੇ ਨਾਨਕ ਹੱਕ਼ ਕੇਸ਼,
ਕਿ ਨਿਆਯਦ ਹਮਚੂਨੂੰ ਦਿਗਰ ਦਰਵੇਸ਼।

14. ਫ਼ਕ਼ਰੇ ਓ ਫ਼ਕ਼ਰ ਰਾ ਸਰਫ਼ਰਾਜ਼ੀ,
ਪੇਸ਼ੇ ਓ ਕਾਰੇ ਜੁਮਲਹ ਜਾਂ-ਬਾਜ਼ੀ।

15. ਤਾਲਿਬੇ ਖ਼ਾਕੇਓ* ਚਿਹ ਖ਼ਾਸੋ ਚਿਹਆ਼ਮ,
ਚਿਹ ਮਲਾਇਕ ਚਿਹ ਹਾਜ਼ਰਾਨੇ ਤਮਾਮ।

16. ਹੱਕ਼ ਚੋ ਖ਼ੁਦ ਵਾਸਿਫ਼ਸ਼ ਚਿਹ ਗੋਯਮ ਮਨ,
ਦਰ ਰਹੌ ਵਸਫ਼ੇ ਓਹ ਚਿਹ ਪੋਯਮ ਮਨ।

17. ਸਦ ਹਜ਼ਾਰਾਂ ਮੁਰੀਦਸ਼ ਅਜ਼ ਮਲਕੂਤ,
ਸਦ ਹਜ਼ਾਰਾਂ ਮੁਰੀਦਸ਼ ਅਜ਼ ਨਾਸੂਤ।

---

* ਤਾਲਬੇ ਖ਼ਾਕੇ ਓ=ਅਰਥਾਤ-ਤਾਲਬੇ ਖਾਕੇ ਕ਼ਦਮੇ ਓ।

ਉਸ ਦੇ ਪਵਿੱਤ੍ਰ ਨਾਉਂ ਦੇ ਦੋਵੇਂ ਨੂਨ (ਨੱਨੇ ਅੱਖਰ) ਨਈਮ (ਦਾਤ ਦੇਣ ਵਾਲੇ) ਤੇ ਨਸੀਰ (ਮੱਦਤ ਦੇਣ ਵਾਲੇ), (ਭਾਵ- 'ਨਾਨਕ' ਨਾਮ ਦੇ ਦੋ ਨੱਨਿਆਂ ਦਾ ਅਰਥ ਦਾਤਾ ਤੇ ਮਦਦਗਾਰ ਹੈ), ਅਤੇ ਵਿਚਲਾ ਅਲਫ (ਅਹਦ) ਇਕ ਓਅੰਕਾਰ ਵਾਚਕ ਹੈ, (ਅਰਥਾਤ ਨਾਨਕ ਦੇ ਨੱਨਿਆਂ ਵਿਚਲਾ "ਕੰਨਾ" ਅਲਫ- ਖ਼ੁਦਾ-ਦਾ ਵਾਚਕ ਹੈ) ਅਤੇ (ਗੁਰੂ ਜੀ ਦੇ ਨਾਉਂ ਦਾ) ਕਾਫ਼ ਅਖ਼ੀਰ ਦਾ, ਕਬੀਰ (ਵੱਡਾ। ਅਰਥਾਤ ਵੱਡਿਆਂ ਦਾ ਵੱਡਾ ਅਰਥ ਰੱਖਦਾ ਹੈ, ਭਾਵ ਕੱਕੇ ਦਾ ਅਰਥ ਕਬੀਰ ਹੈ)। ਉਸ ਦੀ ਫ਼ਕੀਰੀ "ਕਮਾਲ ਫਕੀਰੀ" ਨੂੰ ਬੀ ਉੱਚਾ ਕਰਨ ਵਾਲੀ ਹੈ; ਅਤੇ ਬਜ਼ੁਰਗੀ ਉਸ ਦੀ ਦੋਹਾਂ ਜਹਾਨਾਂ ਉੱਪਰ ਛਾਈ ਹੈ।

## ਅਕਾਲ ਪੁਰਖ ਸੱਚ ਹੈ।

13. ਨਾਮ ਉਸ ਸ਼ਾਹ ਦਾ ਨਾਨਕ ਹੈ ਰੱਬੀ ਖਸਲਤਾਂ ਵਾਲਾ, ਕਿ ਨਹੀਂ ਹੈ ਉਸ ਜੇਹਾ ਕੋਈ ਹੋਰ ਫ਼ਕੀਰ।
ਭਾਵ-ਸਤਿਗੁਰ ਨਾਨਕ ਜੇਹਾ ਕੋਈ ਦੂਸਰਾ ਸੰਤ ਯਾ ਅਵਤਾਰ ਨਹੀਂ।

14. ਫ਼ਕੀਰੀ ਉਸ ਦੀ "ਫ਼ਕੀਰੀ" ਨੂੰ ਵਡਿਆਈ ਦੇਣ ਵਾਲੀ ਹੈ, ਉਸ ਦੇ ਅੱਗੇ ਕੰਮ ਸੋਭਦਾ (ਹੈ) ਜਾਨ ਕੁਰਬਾਨ ਕਰਨਾ।

15. ਕੀਹ ਖ਼ਾਸ ਤੇ ਕੀਹ ਆਮ, ਕੀਹ ਦੇਵਤੇ (ਅਦ੍ਰਿਸ਼ਟ ਪਵਿੱਤ੍ਰ ਰੂਹਾਂ) ਤੇ ਕੀ ਸਾਰੇ ਪ੍ਰਤੱਖ ਲੋਕ ਉਸ (ਦੇ ਚਰਨਾਂ) ਦੀ ਧੂੜੀ ਨੂੰ (ਚੁੰਮਣਾ) ਚਾਹੁੰਦੇ ਹਨ।

16. ਜਿਸ ਦੀ ਸਿਫਤ ਆਪ ਖ਼ੁਦਾ ਕਰਨ ਵਾਲਾ ਹੋਵੇ (ਉਥੇ) ਮੈਂ ਕੀ ਕਹਾਂ, ਉਸਦੀ ਉਸਤੁਤ (ਕਰਨ) ਦੇ ਰਸਤੇ ਵਿਚ ਮੈਂ ਕੀ ਦੌੜਾਂ ?(ਅਰਥਾਤ ਜਿਸ ਦੀ ਤਾਰੀਫ਼ ਵਾਹਿਗੁਰੂ ਨੇ ਆਪ ਕੀਤੀ ਹੋਵੇ ਮੇਰੇ ਵਰਗਾ ਬੰਦਾ ਉਸ ਦੀ ਕੀ ਤਾਰੀਫ਼ ਕਰ ਸਕਦਾ ਹੈ ?)।

17. ਲੱਖਾਂ ਮੁਰੀਦ ਉਸ ਦੇ ਹਨ ਦੇਵਤਿਆਂ (ਅਦ੍ਰਿਸ਼ਟ ਪਵਿੱਤ੍ਰ ਰੂਹਾਂ) ਵਿਚੋਂ, ਤੇ ਲੱਖਾਂ ਮੁਰੀਦ ਉਸ ਦੇ ਹਨ ਸਰੀਰਧਾਰੀਆਂ (ਚਰਾਚਰ) ਵਿਚੋਂ।


www.sikhbookclub.com

18. ਹਮਹ ਜਬਰੂਤੀਆਂ ਫ਼ਿਦਾਏ ਓ,
ਹਮਹ ਲਾਹੂਤੀਆਂ ਬਪਾਏ ਓ।

19. ਹਮਹ ਨਾਸੂਤੀਆਂ ਮਲਾਇਕ ਜ਼ੋ,
ਜਲਵਹਅਸ਼ ਦਾਂ ਬ-ਤਹਤੋ ਫ਼ੌਕ਼ ਨਿਕੋ।

20. ਜਾ-ਨਸ਼ੀਨਾਨੇ ਓ ਅਜ਼ੋ ਫ਼ਾਇਕ਼,
ਫ਼ਿਕਰੋ ਤੌਸੀਫ਼ ਜ਼ਾਤ ਰਾ ਲਾਇਕ਼।

21. ਅਬਦ ਆਬਾਦ ਕ਼ਦਰੋ ਜਾਹੋ ਨਿਸ਼ਾਂ,
ਬਰ ਫ਼ਰਾਜ਼ਦ ਜ਼ਿ ਯਕ ਦਿਗਰ ਸੁਬਹਾਂ।

22. 'ਮੁਰਸ਼ਿਦੁਲ ਆ਼ਲਮੀਂ' ਸ਼ੁਦਸ਼ ਚੋ ਖ਼ਿਤਾਬ,
ਅਜ਼ ਅ਼ਨਾਯਾਤੇ ਹਜ਼ਰਤੇ ਵੱਹਾਬ।

23. ਗੁਫ਼ਤ ਮਨ ਬੰਦਾ ਓ ਗ਼ੁਲਾਮੇ ਤੁਅਮ,
ਖ਼ਾਕੇ ਅਕਦਾਮੇ ਖ਼ਾਸੋ ਆਮੇ ਤੁਅਮਿ।

24. ਬਾਜ਼ ਚੂੰ ਹਮਚੁਨੀਂ ਖ਼ਿਤਾਬ ਆਮਦ,
ਮੁਤਵਾਤਰ ਚੁਨੀਂ ਜਵਾਬ ਆਮਦ।

25. ਕਿ ਮਨਮ ਦਰ ਤੋ ਗ਼ੈਰੇ ਤੋ ਕਸ ਨੇਸਤ,
ਹਰ ਚਿਹ ਖ਼੍ਵਾਹਮ ਕੁਨਮ ਹਮਹ ਅ਼ਦਲੇਸਤ।

26. ਰਾਹੇ ਜ਼ਿਕਰਮ ਬਆ਼ਲਮੇ ਬਿ-ਨੁਮਾ,
ਬ-ਹਮਹ ਸ਼ੌ ਜ਼ਿ ਵਸਫ਼ੇ ਮਨ ਗੋਯਾ।

27. ਦਰ ਹਮਹ ਜਾ ਪਨਾਹੋ ਯਾਰੋ ਤੁਅਮ,
ਯਾਵਰੀ ਬਖ਼ਸ਼ੋ ਖ਼੍ਵਾਸਤਗਾਰੇ ਤੁਅਮ।

28. ਹਰ ਕਿ ਨਾਮੇ ਤੋ ਬਰਤਰੀਂ ਦਾਨਦ,
ਅਜ਼ ਦਿਲੋ ਜਾਂ ਬ-ਵਸਫ਼ੇ ਮਨ ਖ਼੍ਵਾਨਦ।

18. ਸਾਰੇ ਜ਼ਬਰਦਸਤ ਪ੍ਰਕਾਸ਼ ਵਾਲੇ (ਬਜ਼ੁਰਗ) ਉਸ ਤੋਂ ਕੁਰਬਾਨ ਹਨ, ਸਾਰੇ ਰੱਬ ਦੇ ਨਜੀਕੀ (ਪ੍ਰਵਾਣ ਪੁਰਖ) ਉਸ ਦੇ ਚਰਨਾਂ ਵਿਚ ਹਨ।

19. ਸਾਰੇ ਸੰਸਾਰੀ ਉਸਤੋਂ ਦੇਵਤੇ ਬਣ ਗਏ ਹਨ, ਤੇ ਏਥੇ ਓਥੇ (ਹਲਤ ਪਲਤ ਵਿਚ) ਉਸੇ (ਨਾਨਕ) ਦਾ ਸੁਹਣਾ ਪ੍ਰਕਾਸ਼ ਜਾਣ।

20. ਉਨ੍ਹਾਂ ਦੇ ਜਾ-ਨਸ਼ੀਨ (ਉਨ੍ਹਾਂ ਦੀ ਸਿੱਖਜਾ ਤੋਂ) ਚੰਗੇ ਤੋਂ ਚੰਗੇ ਹੁੰਦੇ ਰਹੇ ਹਨ, ਉਨ੍ਹਾਂ ਦੀ ਜ਼ਾਤ ਤਾਰੀਫ਼ ਤੇ ਸਿਮਰਨ ਦੇ ਲਾਇਕ ਹੈ।

21. ਪਰਮੇਸ਼ਰ ਉਨ੍ਹਾਂ ਦੀ ਮੁਬਾਰਕ ਕਦਰ, ਮਰਤਬੇ ਤੇ ਨਿਸ਼ਾਨ ਨੂੰ ਸਦਾ ਹੀ ਇਕ ਦੂਜੇ ਤੋਂ ਉੱਚਾ ਕਰਦਾ ਹੈ।

22. ਜਦ ਬਖਸ਼ਿੰਦ ਵਾਹਿਗੁਰੂ ਦੀ ਕ੍ਰਿਪਾਲਤਾ ਨਾਲ ਉਸ ਦਾ ਖ਼ਿਤਾਬ 'ਦੋ ਜਹਾਨਾਂ ਦਾ ਗੁਰੂ' ਹੋਯਾ (ਤਦੋਂ)।

23. (ਗੁਰੂ ਸਾਹਿਬ ਨੇ ਵਾਹਿਗੁਰੂ ਅਗੇ ਬੇਨਤੀ ਨਾਲ) ਕਿਹਾ ਮੈਂ ਤੇਰਾ ਦਾਸ ਤੇ ਬੰਦਾ ਹਾਂ, ਤੇਰੇ ਖਾਸ ਤੇ ਆਮ (ਦਾਸਾਂ) ਦੇ ਚਰਨਾਂ ਦੀ ਧੂੜੀ ਹਾਂ।

24. ਫਿਰ ਵੀ (ਵਾਹਿਗੁਰੂ ਵਲੋਂ) ਓਸੇ ਤਰ੍ਹਾਂ ਦਾ (ਕਿ ਤੂੰ ਦੋ ਜਹਾਨਾਂ ਦਾ ਗੁਰੂ ਹੈਂ) ਹੀ ਖ਼ਿਤਾਬ ਆਯਾ, ਤੇ ਲਗਾਤਾਰ ਅਜੇਹਾ ਹੀ ਉੱਤਰ ਆਯਾ:-

25. ਕਿ ਮੈਂ ਹਾਂ ਵਿਚ ਤੇਰੇ, ਹੋਰ ਗ਼ੈਰ ਕੋਈ ਨਹੀਂ, ਜੋ ਕੁਝ ਮੈਂ ਚਾਹਾਂ ਕਰਦਾ ਹਾਂ ਉਹ ਸਭ ਨਿਆਂ (ਠੀਕ) ਹੈ।

26. ਮੇਰੇ ਜ਼ਿਕਰ (ਸਿਮਰਨ) ਦਾ (ਤੂੰ) ਰਾਹ ਜਗਤ ਨੂੰ ਵਿਖਾ, ਸਭ ਨੂੰ ਮੇਰੀ ਸਿਫ਼ਤ ਸਲਾਹ ਕਹਿਣ (ਸੁਨਾਉਣ) ਵਾਲਾ (ਹਾਦੀ) ਤੂੰ ਹੈਂ।

27. ਮੈਂ (ਵਾਹਿਗੁਰੂ) ਸਭ ਥਾਂ ਸਹਾਰਾ ਤੇ ਸਹਾਇਕ ਤੇਰਾ (ਹਾਂ), ਤੈਨੂੰ ਮੱਦਤ ਦੇਣ ਵਾਲਾ ਤੇ ਚਾਹੁਣ ਵਾਲਾ ਹਾਂ।

28. ਜੋ ਕੋਈ ਨਾਉਂ ਤੇਰਾ ਵੱਡਾ ਜਾਣੇਗਾ, ਦਿਲ ਤੇ ਜਾਨ ਤੋਂ (ਉਹ) ਸਿਫ਼ਤ ਮੇਰੀ ਕਰੇਗਾ।

29. ਮਨ ਵਰਾ ਜ਼ਾਤੇ ਖ਼ੁਦ ਨੁਮਾਯਮ ਬਾਜ਼,
ਅ਼ਹਿਦੇ ਮਨ ਸਖ਼ਤਰਗੀਰ ਬਰਕੁਨ ਸਾਜ਼।

30. ਗਿਰਦੇ ਆ਼ਲਮ ਬਰ ਆ ਓ ਹਾਦੀ ਸ਼ੌ,
ਕਿ ਜਹਾਂ ਗ਼ੈਰੇ ਮਨ ਨਿਯਰਜ਼ਦ ਜੌ।

31. ਦਰ ਹਕ਼ੀਕ਼ਤ ਮਨਮ ਚੋ ਰਾਹਨੁਮਾ,
ਤੂ ਜਹਾਂ ਰਾ ਬਪਾਏ ਖ਼ੁਦ ਪੈਮਾ।

32. ਹਰ ਕਿਰਾ ਖ਼੍ਵਾਹਮੋ ਸ਼ਵਮ ਹਾਦੀ,
ਅਜ਼ ਤੋ ਦਰ ਦਿਲ ਦਰ-ਆਰਮਸ਼ ਸ਼ਾਦੀ।

33. ਵਾਂਕਿ ਗੁਮਰਾਹ ਸਾਜ਼ਮਸ਼ ਜ਼ਿ-ਗ਼ਜ਼ਬ,
ਨ ਰਸਦ ਅਜ਼ ਹਦਾਇਤੇ ਤੋ ਬ-ਰਬ।

34. ਸ਼ੁਦਹ ਗੁਮਰਾਹ ਆ਼ਲਮੇ ਬੇ-ਮਨ,
ਸਾਹਿਰਾਂ ਗਸ਼ਤਹਅੰਦ ਜਾਦੂਏ ਮਨ।

35. ਮੁਰਦਗਾਂ ਰਾ ਕੁਨੰਦ ਜ਼ਿੰਦਾ ਹਮੇ,
ਜ਼ਿੰਦਗਾਂ ਰਾ ਬਜਾਂ ਕੁਸ਼ੰਦਹ ਹਮੇ।

36. ਆਤਸ਼ੇ ਰਾ ਕੁਨੰਦ ਆਬੀਵਸ਼,
ਬਰ ਸਰੇ ਆਬ ਬਰਜ਼ਨੰਦ ਆਤਿਸ਼।

37. ਹਰਚਿਹ ਖ਼੍ਵਾਹੰਦ ਮੇ ਕੁਨੰਦ ਹਮਾਂ।
ਜੁਮਲਹ ਜਾਦੂ ਫ਼ਨ ਅੰਦ ਬਰ ਸਾਮਾਂ।

29. ਫਿਰ ਮੈਂ ਉਸ ਨੂੰ ਆਪਣੀ ਜ਼ਾਤ (ਆਪਣਾ ਪ੍ਰਕਾਸ਼) ਵਿਖਾਵਾਂਗਾ (ਤੂੰ) ਅਹਿਦ ਮੇਰਾ ਪੱਕਾ ਫੜ ਤੇ ਤਿਆਰ ਹੋ।

30. ਜਹਾਨ ਦੇ ਗਿਰਦੇ ਫਿਰ ਤੇ ਹਾਦੀ (ਰਹਿਬਰ) ਹੋ (ਕੇ ਦੱਸ) ਕਿ ਜਹਾਨ ਮੇਰੇ ਸਿਵਾ ਜੌਂ ਦੇ ਮੁੱਲ ਦਾ ਵੀ ਨਹੀਂ।

31. ਅਸਲ ਵਿਚ ਜਦ ਮੈਂ ਹਾਂ ਰਾਹ ਵਿਖਾਉਣ ਵਾਲਾ, ਤੂੰ ਜਹਾਨ ਨੂੰ ਆਪਣੇ ਚਰਨਾਂ ਨਾਲ ਮਿਣ।
ਭਾਵ- ਰਾਹ ਸੰਸਾਰ ਨੂੰ ਮੈਂ ਦਿਖਾਉਂਦਾ ਹਾਂ, ਪਰ ਜ਼ਰੀਆ ਤੇਰਾ ਰੱਖ ਕੇ, ਤੂੰ ਸੰਸਾਰ ਵਿਚ ਫਿਰ ਕੇ ਨਾਮ ਜਪਾ।

32. ਜਿਸ ਨੂੰ ਮੈਂ ਚਾਹਾਂ ਤੇ ਹਦਾਇਤ ਕਰਾਂ, ਤੇਰੇ ਰਾਹੀਂ ਉਸਦੇ ਦਿਲ ਵਿਚ ਖੁਸ਼ੀ ਲਿਆਵਾਂਗਾ।

33. ਅਤੇ ਜਿਸਨੂੰ ਮੈਂ ਗੁਮਰਾਹ ਕਰਾਂ ਗ਼ਜ਼ਬ ਨਾਲ, ਉਹ ਤੇਰੀ ਸਿਖਜਾ ਨਾਲ ਬੀ ਰੱਬ ਨੂੰ ਨਹੀਂ ਪਹੁੰਚੇਗਾ।
ਭਾਵ- "ਆਪੇ ਪਿਤਾ ਮਾਤਾ ਹੈ ਆਪੇ ਬਾਲਕ ਕਰੇ ਸਿਆਣੇ॥
ਇਕ ਥੈ ਪੜਿ ਬੁਝੈ ਸਭੁ ਆਪੇ ਇਕ ਥੈ ਆਪੇ ਕਰੇ ਇਆਣੇ॥
ਇਕਨਾ ਅੰਦਰਿ ਮਹਲਿ ਬੁਲਾਏ ਜਾ ਆਪਿ ਤੇਰੈ ਮਨਿ ਸਚੇ ਭਾਣੇ।"
(ਵਾਰ ਬਿਹਾਗੜਾ ਮ:4-11)

34. ਜਹਾਨ ਮੇਰੇ ਬਿਨਾਂ ਗੁਮਰਾਹ ਹੋ ਰਿਹਾ ਹੈ, ਜਾਦੂਗਰ ਹੋ ਗਏ ਹਨ ਜਾਦੂ ਮੇਰਾ (ਵਰਤਨ ਵਾਲੇ)।

35. (ਉਹ ਜਾਦੂਗਰ) ਮੁਰਦਿਆਂ ਨੂੰ ਜੀਉਂਦਾ ਬੀ ਕਰ ਦੇਂਦੇ ਹਨ, ਤੇ ਜੀਉਂਦਿਆਂ ਨੂੰ ਜਾਨੋਂ ਮਾਰ ਬੀ ਦੇਂਦੇ ਹਨ।

36. ਅੱਗ ਨੂੰ ਕਰਦੇ ਹਨ ਪਾਣੀ ਵਾਂਗ, ਤੇ ਪਾਣੀ ਦੇ ਸਿਰ ਉੱਤੇ ਅੱਗ ਲਾ ਦਿੰਦੇ ਹਨ।

37. ਜੋ ਕੁਝ ਚਾਹੁੰਦੇ ਹਨ ਕਰਦੇ ਹਨ ਨਾਲ ਉਸ (ਜਾਦੂ) ਦੇ, (ਪਰ) ਸਾਰੇ ਜਾਦੂ ਦੇ ਹੁਨਰ ਵਾਲੇ ਸਾਮਾਨ ਦੇ ਸਹਾਰੇ ਹਨ (ਹੋਰ ਸਾਰੇ ਜਾਦੂਗਰ ਵਲ ਫਰੇਬਾਂ ਤੇ ਦਵਾਈਆਂ ਨਾਲ ਏਹ ਗੱਲਾਂ ਕਰਦੇ ਹਨ)।

38. ਰਾਹੇ ਸ਼ਾਂ ਰਾ ਨੁਮਾ ਬਸੂਏ ਮਨ,
ਕਿ ਪਜ਼ੀਰੰਦ ਗੁਫ਼ਤਗੂਏ ਮਨ,

39. ਗ਼ੈਰ ਜ਼ਿਕਰਮ ਬਜਾ ਦੂਏ ਨ-ਰਵੰਦ,
ਜੁਜ਼ ਦਰੇ ਮਨ ਬਜਾਨਬੇ ਨ ਰਵੰਦ।

40. ਕਿ ਜ਼ਿ ਦੋਜ਼ਖ ਸ਼ਵੰਦ ਰੁਸਤਹ ਹਮੇ,
ਵਰਨਾ ਉਫ਼ਤੰਦ ਦਸਤ ਬਸਤਹ ਹਮੇ।

41. ਕ਼ਾਫ਼ ਤਾ ਕ਼ਾਫ਼ ਆ਼ਲਮੇ ਜੁਮਲਹ,
ਦਅ਼ਵਤ ਆਮੋਜ਼ ਜ਼ਾਲਮੇ ਜੁਮਲਹ।

42. ਰੰਜੋ ਫ਼ਰਹਤ ਜ਼ਿ ਮਨ ਨਮੇ ਦਾਨੰਦ,
ਹਮਹ ਅਜ਼ ਗ਼ੈਰੇ ਮਨ ਪਰਸ਼ਾਨੰਦ।

43. ਅੰਜਮਨ ਮੇ ਕੁਨੰਦ ਅਜ਼ ਅੰਜੁਮ,
ਬਰ ਸ਼ੁਮਾਰੰਦ ਰੋਜ਼ੇ ਸ਼ਾਦੀ ਓ ਗ਼ਮ।

44. ਬਰ ਨਿਗਾਰੰਦ ਨਹਸੋ ਸਅ਼ਦ ਹਮੇ,
ਬਾਜ਼ ਗੋਇਅੰਦ ਕ਼ਿਬਲੋ ਬਅ਼ਦ ਹਮੇ।

45. ਨੇਸਤ ਸ਼ਾਂ ਰਾ ਬਜ਼ਿਕਰ ਇਸਤਕ਼ਲਾਲ
ਕ਼ਾਲ ਦਾਨੰਦ ਜੁਮਲਗਾਂ ਬੇਹਾਲ।

46. ਰਹਨੁਮਾ ਜੁਮਲਹ ਰਾਂ ਸੂਏ ਫ਼ਿਕਰਮ,
ਕਿ ਨ-ਦਾਰੰਦ ਦੋਸਤ ਜੁਜ਼ ਜ਼ਿਕਰਮ।

47. ਤਾ ਹਮਹ ਕਾਰੇ ਸ਼ਾਂ ਨਿਕੋ ਸਾਜ਼ਮ,
ਖ਼ਾਤਿਰੇ ਸ਼ਾਂ ਜ਼ਿ ਨੂਰ ਬ-ਤ਼ਰਾਜ਼ਮ।

48. ਮਨ ਤੁਰਾ ਆਫ਼ਰੀਦਮ ਅਜ਼ ਪਏ ਆਂ,
ਕਿ ਸ਼ਵੀ ਰਹਨੁਮਾ ਬ-ਜੁਮਲਹ ਜਹਾਂ।

38. ਉਨ੍ਹਾਂ (ਆਮ ਲੋਕਾਂ) ਨੂੰ ਮੇਰੀ ਵੱਲ ਰਾਹ ਦਿਖਾ, ਕਿ ਮੇਰਾ ਸਿਮਰਨ ਗ੍ਰਹਿਣ ਕਰਨ (ਮੇਰੇ ਵਚਨਾਂ ਯਾ ਉਪਦੇਸ਼ਾਂ ਪਰ ਤੁਰਨ)।

39. ਸਿਵਾ ਜ਼ਿਕਰ (ਸਿਮਰਨ) ਮੇਰੇ ਦੇ (ਹੋਰ) ਜਾਦੂ ਦੇ ਪਾਸ (ਆਮ ਲੋਕ) ਨਾ ਜਾਣ; ਸਿਵਾ ਮੇਰੇ ਦਰਵਾਜ਼ੇ ਦੇ ਕਿਸੇ ਹੋਰ ਤਰਫ਼ ਨਾ ਜਾਣ।

40. ਤਾਂਕਿ ਨਰਕਾਂ ਤੋਂ ਖਲਾਸੀ ਪਾਵਣ, ਨਹੀਂ ਤੇ ਹੱਥ ਬੰਨ੍ਹੀਕੇ (ਨਰਕਾਂ ਵਿਚ) ਪੈਣਗੇ।

41. ਕਾਫ਼ ਤੋਂ ਕਾਫ਼ ਤਕ ਸਾਰੇ ਸੰਸਾਰ ਨੂੰ ਰੱਬ ਦੀ ਯਾਦ ਸਿਖਲਾ, (ਕਿਉਂ ਜੋ ਓਹ) ਸਾਰੇ ਜ਼ਾਲਮ ਹਨ।

42. (ਉਹ ਸੰਸਾਰੀ) ਦੁਖ ਤੇ ਸੁਖ ਮੇਰੇ ਵੱਲੋਂ ਨਹੀਂ ਜਾਣਦੇ, ਸਾਰੇ ਮੇਰੇ ਵੱਲੋਂ ਮੂੰਹ ਮੋੜ ਕੇ ਪਰੇਸ਼ਾਨ ਹਨ।

43. (ਉਹ ਇਕੱਠੇ ਹੋ ਕੇ) ਸਭਾ ਕਰਦੇ ਹਨ ਤੇ ਤਾਰਿਆਂ (ਦੀ ਚਾਲ) ਤੋਂ ਖੁਸ਼ੀ ਤੇ ਗ਼ਮੀ ਦੇ ਦਿਨ ਗਿਣਦੇ ਹਨ।

44. ਲਿਖਦੇ ਹਨ (ਜਾਣਦੇ ਹਨ) ਚੰਗਾ ਤੇ ਮੰਦਾ (ਤਾਰਿਆਂ ਦੀ ਗਿਣਤੀ ਦੇ ਲੇਖੇ), ਫਿਰ ਕਹਿੰਦੇ ਹਨ ਭੂਤ ਤੇ ਭਵਿੱਖਤ (ਸਮੇਂ ਦੇ ਰੰਗ)।

45. ਉਨ੍ਹਾਂ ਨੂੰ ਸਿਮਰਨ ਪਰ ਦ੍ਰਿੜਤਾ ਨਹੀਂ, ਕਥਨੀ ਜਾਣਦੇ ਹਨ, (ਪਰ) ਸਾਰੇ (ਕਰਨੀ ਵੱਲੋਂ) ਬੇਹਾਲ ਹਨ।

46. ਰਾਹ ਸਾਰਿਆਂ ਨੂੰ ਮੇਰੇ ਫ਼ਿਕਰ (ਸਿਮਰਨ) ਵੱਲ ਦਾ ਦੱਸ, ਕਿ ਮੇਰੀ ਯਾਦ ਬਿਨਾਂ ਹੋਰ ਨੂੰ ਮਿੱਤ੍ਰ ਨਾਂ ਬਨਾਉਣ।

47. ਤਾਂ (ਮੈਂ) ਉਨ੍ਹਾਂ ਦਾ ਸਾਰਾ ਕੰਮ ਚੰਗਾ ਬਣਾ ਦਿਆਂਗਾ, ਤੇ ਦਿਲ ਉਨ੍ਹਾਂ ਦਾ ਮੈਂ ਨੂਰ ਨਾਲ ਸਵਾਰ ਦਿਆਂਗਾ।

48. ਮੈਂ ਤੈਨੂੰ ਪੈਦਾ ਕੀਤਾ ਹੈ ਇਸ ਮਤਲਬ ਲਈ, ਕਿ ਹੋਵੇਂ ਤੂੰ ਰਾਹ ਦੱਸਣ ਵਾਲਾ (ਆਗੂ) ਸਾਰੇ ਜਹਾਨ ਦਾ।

 www.sikhbookclub.com

49. ਹੁੱਬੇ ਗ਼ੈਰ ਅਜ਼ ਜ਼ਮੀਰੇ ਸ਼ਾਂ ਬਿਕੁਸ਼ਾਇ,
ਹਮਗਿਨਾਂ ਰਾ ਤੂ ਰਾਹੇ ਰਾਸਤ ਨੁਮਾਇ।

50. ਸ਼ਾਹ ਗੁਫ਼ਤਾ: ਚਿਹ ਲਾਇਕ਼ ਆਨਮ,
ਕਿ ਦਿਲੇ ਜੁਮਲਹ ਬਾਜ਼ ਗਰਦਾਨਮ।

51. ਮਨ ਕੁਜਾ ਓ ਚੁਨੀਂ ਕਮਾਲ ਕੁਜਾ,
ਮਨ ਕਿਹ ਓ ਫ਼ੱਰੇ ਜ਼ੁਲਜਲਾਲ ਕੁਜਾ।

52. ਲੇਕ ਹੁਕਮਤ ਕਸ਼ਮ ਬ-ਜਾਨੋ ਦਿਲ,
ਨਸ਼ਵੱਮ ਯਕ ਜ਼ਮਾਂ ਅਜ਼ੋ ਗ਼ਾਫ਼ਿਲ।

53. ਹਾਦੀ ਓ ਰਹਨੁਮਾਏ ਜੁਮਲਹ ਤੁਈ,
ਰਾਹਬਰੋ ਦਿਲ ਗਰਾਏ ਜੁਮਲਹ ਤੁਈ।

### ਸਲਤਨਤੇ ਦੋਇਮ

54. ਸਲਤਨਤੇ ਦੋਇਮਸ਼ ਅੱਵਲ ਮੁਰੀਏ
ਸਾਜਦ, ਵ ਆਖ਼ਰ ਮੁਰਸ਼ਿਦੇ ਮਸਜੂਦਸ਼।

ਵ ਫ਼ਰੋਗ਼ੇ ਆਂ ਮਸ਼ਅ਼ਲੇ ਹੱਕ਼ੋ ਈਕਾਂ,
ਰੋਜ਼ ਅਫ਼ਜ਼ੂ ਅਜ਼ ਵਜੂਦਸ਼।

ਦਰ ਮਅ਼ਨੀ ਯਕੇ ਵ ਦਰ ਸੂਰਤ ਦੇ ਮਸ਼ਅਲੇ ਜਾਂ ਅਫ਼ਰੋਜ਼,

 www.sikhbookclub.com

49. ਗੈਰ ਦਾ ਮੋਹ ਉਨ੍ਹਾਂ ਦੇ ਦਿਲਾਂ ਤੋਂ ਦੂਰ ਕਰ ਤੇ ਸਾਰਿਆਂ ਨੂੰ ਤੂੰ ਰਾਹ ਸਿੱਧਾ ਵਿਖਾਲ।

50. (ਮੇਰੇ) ਪਾਤਸ਼ਾਹ (ਗੁਰੂ) ਜੀ ਨੇ ਬੇਨਤੀ ਕੀਤੀ ਮੈਂ ਕਿਸ ਲਾਇਕ ਹਾਂ ਕਿ ਦਿਲ ਸਭ ਦਾ ਮੈਂ ਫੇਰਾਂ।

51. ਮੈਂ ਕਿੱਥੇ ਤੇ ਅਜੇਹਾ ਕਮਾਲ ਕਿੱਥੇ, ਮੈਂ ਕੀ ਚੀਜ਼ ਤੇ (ਏਹ) ਖ਼ੁਦਾਈ ਦਬਦਬਾ ਕਿੱਥੇ?

52. ਪਰੰਤੂ ਹੁਕਮ ਤੇਰਾ ਨਾਲ ਜਾਨ ਤੇ ਦਿਲ ਦੇ ਕਮਾਵਾਂਗਾ, ਮੈਂ ਇਕ ਪਲ ਵੀ ਉਸ ਤੋਂ ਅਚੇਤ ਨਹੀਂ ਹੋਵਾਂਗਾ।

53. (ਹੇ ਵਾਹਿਗੁਰੂ)! ਆਗੂ ਤੇ ਰਾਹ ਵਿਖਾਣ ਵਾਲਾ ਸਭ ਦਾ ਤੂੰਹੀਂ ਹੈ, ਰਾਹ ਦੱਸਣ ਵਾਲਾ ਤੇ ਦਿਲਾਂ ਦੇ ਫੇਰਨ ਵਾਲਾ ਬੀ ਸਭ ਦਾ ਤੂੰਹੀਂ ਹੈ।

## ਦੂਜੀ ਪਾਤਸ਼ਾਹੀ

54. ਉਸ ਦੀ ਪਾਤਸ਼ਾਹੀ ਦੂਜੀ, ਪਹਿਲਾਂ ਸਿਜਦਾ ਕਰਨ ਵਾਲਾ ਸਿੱਖ ਉਸ (ਗੁਰੂ ਨਾਨਕ) ਦਾ, ਤੇ ਅੰਤ ਨੂੰ ਸਿਜਦਾ ਕਰਨ ਦੇ ਲਾਇਕ ਗੁਰੂ (ਹੋਯਾ)।
ਭਾਵ- ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣੇ, ਤੇ ਫੇਰ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਗੁਰੂ ਥਾਪਿਆ।

ਉਸ ਸੱਚ ਤੇ ਯਕੀਨ ਦੀ ਮਸ਼ਾਲ (ਗੁਰੂ ਨਾਨਕ) ਦਾ ਚਾਨਣਾ ਉਸ (ਗੁਰੂ ਅੰਗਦ) ਦੇ ਵਜੂਦ ਤੋਂ ਦਿਨੋ ਦਿਨ ਵਧਦਾ ਗਿਆ।

ਅਸਲ ਵਿਚ ਇਕੋ ਸੀ ਪਰ ਜ਼ਾਹਰ ਵਿਚ ਮੂਰਤਾਂ ਦੋ, ਜਾਨ ਨੂੰ ਰੌਸ਼ਨ ਕਰਨ ਵਾਲੀਆਂ ਮਸ਼ਾਲਾਂ।
ਭਾਵ- ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਤੱਖ ਸੂਰਤਾਂ ਵਿਚ ਤਾਂ ਦੋ ਪ੍ਰਤੀਤ ਹੁੰਦੇ ਹਨ, ਪਰ ਅਸਲ ਵਿਚ ਇਕ ਹਨ। (ਏਕ ਜੋਤਿ ਦੁਇ ਮੂਰਤੀ)।

ਵ ਦਰ ਹਕ਼ੀਕ਼ਤ ਅਹਦ
ਵ ਬਜ਼ਾਹਰ ਦੇ ਸ਼ੁਅ਼ਲਾਏ ਮਾ ਸਿਵਾ-ਅਲਹੱਕ਼ ਸੋਜ਼।

ਮੁਤਅ਼ਏ ਖ਼ਾਸਾਨੇ ਬਾਰਗਾਹੇ ਅਹਦੀਯਤ,
ਵ ਮਸਜੂਦੇ ਮੁਕ਼ਬਲਾਨੇ ਹਜ਼ਰਤੇ ਸਮਦੀਯਤ।

ਮੌਸੂਫ਼ੇ ਏਜ਼ਦੇ ਮੁਤਆ਼ਲ, ਵ ਬਰਗੁਜ਼ੀਦਹਏ ਦਰਗਾਹੇ ਜ਼ੁਲਜਲਾਲ।

ਅੱਵਲੀਨ ਅਲਫ਼ੇ ਨਾਮੇ ਪਾਕਸ਼, ਅਹਾਤਾਗੀਰੇ ਫ਼ੈਜ਼ੋ ਫ਼ੁਜ਼ਲਾ, ਬਰ
ਐਦਕ ਵ ਕਸੀਰ ਵ ਹਰ ਅਮੀਰ ਵ ਫ਼ਕੀਰ;

ਵ ਸ਼ਮੀਮੇ ਨੂਨੇ ਹਕ਼ੀਕ਼ਤ ਮਸ਼ਹੂਨਸ਼,
ਨਵਾਜ਼ਿੰਦਹਏ ਹਰਨਕ਼ੀਰੋ ਕ਼ਿਤ਼ਮੀਰ,
ਵ ਅਦਨਾ ਵ ਕਬੀਰ;
ਕਾਫ਼ੇ ਫ਼ਾਰਸੀਅਸ਼ ਕਾਮਰਾਨੇ ਈਵਾਨੇ ਅਜ਼ਲ,
ਵ ਗੀਹਾਨੇ ਖ਼ਦੀਵੇ ਲਮਯਜ਼ਲ,

ਦਾਲੇ ਆਖ਼ਰਸ਼ ਦਵਾਏ ਦਰਦੋ
ਅਲਮ ਵ ਬਰਤਰ ਅਜ਼ ਬੇਸ਼ੋ ਕਮ।

 www.sikhbookclub.com

ਅਰ ਅਸਲ ਵਿਚ ਇਕ ਤੇ ਪ੍ਰਗਅ ਵਿਚ ਦੋ ਸ਼ੁਅਲੇ ਛੁੱਟ ਰੱਬ ਦੇ ਸਭ ਕੁਝ ਨੂੰ ਸਾੜ ਦੇਣ ਵਾਲੇ।
ਭਾਵ- ਉਨ੍ਹਾਂ ਦੀ ਸੰਗਤ ਤੋਂ ਦੂਈ ਦਾ ਨਾਸ਼ ਹੋ ਕੇ ਕੇਵਲ ਵਾਹਿਗੁਰੂ ਦੀ ਯਾਦ ਹੀ ਰਹਿ ਜਾਂਦੀ ਹੈ।

ਖ਼ੁਦਾ ਦੀ ਦਰਗਾਹ ਦੇ ਖਾਸ ਲੋਕਾਂ ਦੇ (ਮੁੜਾਅ) ਸਰਦਾਰ ਤੇ ਖ਼ੁਦਾ ਦੇ ਦਰਬਾਰ ਵਿਚ ਕਬੂਲ ਹੋਏ ਹੋਇਆਂ ਦੇ ਸਿਜਦਾ ਕੀਤੇ ਗਏ, (ਰੱਬ ਦੀ ਦਰਗਾਹ ਦੇ ਖਾਸ ਲੋਕ ਵੀ ਉਨ੍ਹਾਂ ਦੀ ਸ਼ਰਨ ਵਿਚ ਹਨ)।

ਸਲਾਹਿਆ ਹੋਇਆ ਰੱਬ ਵੱਡੇ ਦਾ, ਤੇ ਚੁਣਿਆਂ ਹੋਇਆ ਦਰਬਾਰ ਰੱਬ ਦੇ ਦਾ।

ਪਹਿਲਾ ਅਲਫ ('ਅ') ਉਸ ਦੇ ਪਵਿੱਤ੍ਰ ਨਾਉਂ ਦਾ ਕ੍ਰਿਪਾਲਤਾਵਾਂ ਤੇ ਮੇਹਰਾਂ ਦੇ ਘੇਰੇ ਵਿਚ ਲੈਣ ਵਾਲਾ ਹੈ, ਹਰ ਥੋੜੇ ਤੇ ਵਧੀਕ, ਅਤੇ ਹਰ ਅਮੀਰ ਤੇ ਫ਼ਕੀਰ ਨੂੰ ('ਅ' ਦਾ ਅਰਥ ਹੈ)।

(ਉਸ ਦੇ ਨਾਮ ਦੇ ਹਕੀਕਤਾਂ ਨਾਲ (ਮਸ਼ਹੂਨ=) ਭਰੇ ਹੋਏ ਨੂਨ ਦੀ ਖੁਸ਼ਬੂ, ਵਡਿਔਣ ਵਾਲੀ ਹਰ ਨਕੀਰ (ਖਜੂਰ ਦੀ ਗਿਟਕ ਦਾ ਪਿਛਲੇ ਪਾਸੇ ਦਾ ਡੂੰਘ। ਭਾਵ ਛੋਟੀ ਤੋਂ ਛੋਟੀ ਸ਼ੈ) ਤੇ ਕਿਤਮੀਰ (ਖਜੂਰ ਦੀ ਗਿਟਕ ਦੇ ਡੂੰਘ ਵਿਚ ਦਾ ਬ੍ਰੀਕ ਧਾਗਾ ਭਾਵ ਤੁੱਛ) ਦੀ, ਅਤੇ ਛੋਟੇ ਤੇ ਵੱਡੇ ਦੀ। (ਟਿੱਪੀ' ਔੜੇ ਦੀ ਦਾ ਅਰਥ ਹੈ)।
ਅਤੇ ਕਾਫ਼ ਫ਼ਾਰਸੀ (ਗਾਫ਼) ਉਸ (ਦੇ ਨਾਮ) ਦਾ ਮੁੱਢਾਂ ਦਾ ਕਾਮਨਾਂ ਪੂਰਨਹਾਰ ਮੰਦਰ ਹੈ ਤੇ ਬਾਦਸ਼ਾਹ ਹੈ ਹਮੇਸ਼ਾਂ ਰਹਿਣ ਵਾਲੇ ਜ਼ਮਾਨੇ ਦਾ ('ਗ' ਦਾ ਅਰਥ ਹੈ)।

ਦਾਲ ਅਖ਼ੀਰ ਦੀ ('ਦ') ਉਸ (ਦੇ ਨਾਮ) ਦੀ ਦਵਾਈ ਹੈ ਦੁਖ ਦਰਦ ਦੀ, ਬਹੁਤ ਉੱਚੀ ਹੈ ਹਰ ਵੱਧ ਘੱਟ ਤੋਂ।
ਭਾਵ- 'ਅੰਗਦ' ਪਦ ਦੇ ਅੱਖਰਾਂ ਦਾ ਅਰਥ ਕੀਤਾ ਹੈ।

## ਵਾਹਿਗੁਰੂ ਜੀਉ ਸਤ

55. ਗੁਰੂ ਅੰਗਦ ਆਂ ਮੁਰਸ਼ਿਦੁਲ ਆ਼ਲਮੀਂ,
ਜ਼ਿ ਫ਼ਜ਼ਲੇ ਅਹਦ ਰਹਿਮਤੁਲ ਮੁਜ਼ਨਬੀਂ।

56. ਦੋ ਆ਼ਲਮ ਚਿਹ ਬਾਸ਼ਦ ਹਜ਼ਾਰਾਂ ਜਹਾਂ,
ਤੁਫੈਲੇ ਕਰਮਹਾਏ ਓ ਕਾਮਰਾਂ।

57. ਵਜੂਦਸ਼ ਹਮਹ ਫ਼ਜ਼ਲੋ ਫ਼ੈਜ਼ੇ ਕਰੀਮ,
ਜ਼ਿ ਹੱਕ਼ ਆਮਦੋ ਹਮ ਬਹੱਕ ਮੁਸਤਕ਼ੀਮ।

58. ਹਮਹ ਆਸ਼ਕਾਰੋ ਨਿਹਾਂ ਜ਼ਾਹਿਰਸ਼,
ਬਤੂਨੋ ਅ਼ਯਾਂ ਜੁਮਲਗੀ ਬਾਹਿਰਸ਼।

59. ਚੋ ਵੱਸਾਫ਼ੇ ਓ ਜ਼ਾਤੇ ਹੱਕ਼ ਆਮਦਹ।
ਸਿਫ਼ਾਯਸ਼ ਜ਼ਿ ਕੁਦਸੇ ਵਰਕ਼ ਆਮਦਹ।

60. ਜ਼ਿ ਵਸਫ਼ਸ਼ ਜ਼ਬਾਨੇ ਦੋ-ਆਲਮ ਕਸੀਰ,
ਬਵਦ ਤੰਗ ਪੇਸ਼ਸ਼ ਫ਼ਜ਼ਾਏ ਜ਼ਮੀਰ

61. ਹਮਾਂ ਬਿਹ ਕਿ ਖ਼੍ਵਾਹੇਮ ਅਜ਼ ਫ਼ਜ਼ਲੇ ਊ,
ਜ਼ਿ ਅਲਤਾਫ਼ੋ ਅਕਰਾਮ ਹੱਕ਼ ਬਜ਼ਲੇ ਊ।

62. ਸਰੇ ਮਾ ਬ-ਪਾਯਸ਼ ਬਵੱਦ ਬਰ ਦਵਾਮ,
ਨਸਾਰਿਸ਼ ਦਿਲੋ ਜਾਨੇ ਮਾ ਮੁਸਤਦਾਮ।

## ਸਲਤਨਤੇ ਸਿਵੁਮ

63. ਸਲਤਨਤੇ ਸਿਵੁਮਸ਼ ਸੁਲਤਾਨੇ ਮੁਮਾਲਿਕੇ ਹੱਕ਼ਪਰਵਰੀ,
ਵ ਮੁਹੀਤੇ ਆ਼ਲਮੇ ਕਰਾਮਤ ਗੁਸਤਰੀ।

## ਅਕਾਲ ਪੁਰਖ ਸਤਜ ਹੈ।

55. ਗੁਰੂ ਅੰਗਦ, ਸੰਸਾਰੀਆਂ ਦਾ ਉਹ ਗੁਰੂ ਹੈ ਜੋ ਰੱਬ ਦੀ ਮਿਹਰ ਨਾਲ ਪਾਪੀਆਂ ਦੇ ਵਾਸਤੇ ਰਹਿਮਤ (ਹੋਇਆ)।

56. ਦੋ ਜਹਾਨ ਕੀ ਚੀਜ਼ ਹਨ, ਹਜ਼ਾਰਾਂ ਜਹਾਨ ਉਸ ਦੀਆਂ ਮੇਹਰਬਾਨੀਆਂ ਦੀ ਤੁਫ਼ੈਲ ਮੁਰਾਦਾਂ ਪਾਉਣ ਵਾਲੇ ਹਨ।

57. ਉਸ ਦਾ ਵਜੂਦ ਸਾਰਾ ਬਖ਼ਸ਼ਣਹਾਰ(ਰੱਬ) ਦਾ ਫੈਜ਼ ਤੇ ਫ਼ਜ਼ਲ ਹੈ, (ਉਹ) ਵਾਹਿਗੁਰੂ ਤੋਂ ਆਇਆ ਅਤੇ ਵਾਹਿਗੁਰੂ ਦੇ (ਹੁਕਮਾਂ ਪਰ) ਹੀ ਦ੍ਰਿੜ੍ਹ ਰਿਹਾ।

58. ਸਭ ਪ੍ਰਗਟ ਤੇ ਗੁਪਤ ਉਸ ਨੂੰ ਪਰਤੱਖ ਹਨ, ਭੇਦ ਲੁਕੇ ਹੋਏ ਤੇ ਪ੍ਰਤੱਖ ਸੱਭੇ ਉਸ ਨੂੰ ਜ਼ਾਹਰ ਹਨ।

59. ਜਦ ਰੱਬ ਦੀ ਜ਼ਾਤ ਉਸ ਦੀ ਸਿਫ਼ਤ ਕਰਨ ਵਾਲੀ ਹੋਈ, ਤਾਂ ਉਸ ਦੀ ਪਵਿੱਤ੍ਰਤਾ ਰੱਬੀ ਬਾਣੀ ਦੁਆਰਾ ਆਈ।

60. ਉਸ ਦੀ ਸਿਫ਼ਤ ਕਰਨ ਤੋਂ ਦੋਹਾਂ ਜਹਾਨਾਂ ਦੀ ਜੀਭ ਅਸਮਰੱਥ ਹੈ, ਜ਼ਮੀਰ ਦਾ ਮੈਦਾਨ ਉਸ ਦੀ (ਉਸਤੁਤਿ) ਦੇ ਅੱਗੇ ਤੰਗ ਹੈ। (ਭਾਵ- ਮਨੁੱਖੀ ਦਿਲ ਉਸ ਦੀ ਸਿਫ਼ਤ ਨਹੀਂ ਕਰ ਸਕਦਾ। (ਇਸ ਲਈ:-)

61. ਚੰਗਾ ਏਹੋ ਹੈ ਕਿ ਅਸੀਂ ਉਸ ਦੇ ਫਜ਼ਲ ਤੋਂ ਤੇ ਉਸ ਦੀਆਂ ਮਿਹਰਾਂ ਤੇ ਬਜ਼ੁਰਗੀਆਂ ਤੋਂ ਰੱਬੀ (ਬਜ਼ਲ=) ਬਖਸ਼ਿਸ਼ਾਂ ਮੰਗੀਏ।

62. ਸਿਰ ਸਾਡਾ ਉਸ ਦੇ ਚਰਨਾਂ ਉਪਰ ਸਦਾ ਰਹੇ, ਅਤੇ ਸਾਡੀ ਜਾਨ ਤੇ ਦਿਲ ਉਸ ਤੋਂ ਸਦਾ ਕੁਰਬਾਨ ਹੋਵੇ।

## ਤੀਜੀ ਪਾਤਸ਼ਾਹੀ

63. ਉਸ ਦੀ ਤੀਜੀ ਬਾਦਸ਼ਾਹੀ ਹੱਕ ਪਾਲਣ ਵਾਲੇ ਮੁਲਕਾਂ ਦੀ ਬਾਦਸ਼ਾਹ ਹੈ ਤੇ ਬਜ਼ੁਰਗੀ ਦੇ ਜਹਾਨ ਦਾ ਘੇਰਾ ਵਧਾਉਣ ਵਾਲੀ ਹੈ। (ਭਾਵ ਤੀਜੀ ਪਾਤਸ਼ਾਹੀ ਪੂਰਨ ਸਚਾਈ ਤੇ ਪੂਰਨ ਬਜ਼ੁਰਗੀ ਦਾ ਰੂਪ ਪਸਾਰਨ ਵਾਲੀ ਹੈ)।


www.sikhbookclub.com

ਮਲਕੁਲਮੌਤੇ ਗ਼ਾਲਬ ਮਗ਼ਲੂਬਸ਼,
ਵ ਸੁਲਤਾਨੇ ਮਲਕੂਤ ਮੁਹਾਸਿਬ ਮਹਸੂਬਸ਼।

ਪੈਰਾਯਹ ਫ਼ਰੋਗ਼ੇ ਆਂ ਹਰਦੋ ਮਸ਼ਅ਼ਲੇ ਹੱਕ,
ਵ ਇਬਤਿਸਾਮੇ ਹਰ ਗ਼ੁੰਚਹਏ ਬਸਤਹ ਵਰਕ਼।

ਨਖ਼ੁਸਤੀਂ ਅਲਫ਼ੇ ਨਾਮੋ ਕੁਦਸੀਅਸ਼ ਆਰਾਮ ਬਖ਼ਸ਼ੇ ਹਰ ਆਵਾਰਹ,
ਵ ਮੀਮੇ ਫ਼ੱਰੁਖ਼ ਤਨਜ਼ੀਮਸ਼, ਮੁਸਤਮਅ਼ਾਨੇ ਹਰ ਬੇਚਾਰਹ।

ਰਾਏ ਮੈਮਨਤ ਆਰਾਇਸ਼ ਰਿਆਜ਼ੇ ਜਾਵੀਦ।

ਵ ਦਾਲੇ ਸਅ਼ਾਦਤ ਇਸ਼ਤਮਾਲਸ਼ ਦਸਤਗੀਰੇ ਹਰ ਨਾ-ਉਮੀਦ।
ਅਲਫ਼ੇ ਸਾਨੀਅਸ਼ ਅਮਾਨੇ ਹਰ ਮੁਜਰਿਮ, ਵ ਸਿਆਹਕਾਰ।

ਵ ਸੀਨੇ ਆਖ਼ਰੀਨਸ਼, ਸਾਯਹਏ ਕਿਰਦਗਾਰ।

 www.sikhbookclub.com

ਜਮ ਜੋ ਸਭ ਪੁਰ ਗ਼ਾਲਬ ਹੈ, ਉਸ (ਗੁਰੂ ਅਮਰ ਦਾਸ) ਦੇ (ਅੱਗੇ) ਮਗ਼ਲੂਬ (ਆਜ਼ਜ਼) ਹੈ, ਤੇ ਫਰਿਸ਼ਤਿਆਂ ਦੇ ਹਿਸਾਬ ਵਾਲਾ ਬਾਦਸ਼ਾਹ ਵੀ ਉਸ ਦੇ ਹਿਸਾਬ ਹੇਠ ਹੈ, (ਭਾਵ=ਧਰਮ ਰਾਜ ਵੀ ਉਨ੍ਹਾਂ ਦੇ ਲੇਖੇ ਹੇਠ ਹੈ)।

(ਗੁਰੂ ਅਮਰ ਦਾਸ ਜੀ ਦੀ ਮੂਰਤੀ) ਉਨ੍ਹਾਂ ਦੋਹਾਂ (ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ) ਹੱਕ ਦੀਆਂ ਮਸ਼ਾਲਾਂ ਦੀ ਸੁੰਦਰਤਾ ਨੂੰ ਰੌਸ਼ਨ ਕਰਨ ਵਾਲੀ (ਹੈ), ਤੇ ਬੰਦ ਪੰਖੜੀਆਂ ਵਾਲੀ ਹਰ ਕਲੀ ਨੂੰ ਖਿੜੌਣ ਵਾਲੀ (ਭਾਵ=ਹਰ ਘੁੱਟੇ ਦਿਲ ਨੂੰ ਆਤਮ ਰਸ ਵਿਚ ਖੇੜਨ ਵਾਲੀ ਹੈ)।

ਉਸ ਦੇ ਪਵਿਤ੍ਰ ਨਾਮ ਦਾ ਪਹਿਲਾ ਅਲਫ਼ ('ਅ') ਆਰਾਮ (ਟਿਕਾਉ) ਦੇਣ ਵਾਲਾ ਹੈ ਹਰ ਆਵਾਰਹ (ਨਿਥਾਵੇਂ) ਨੂੰ। ਉਹਨਾਂ ਦੇ (ਨਾਮ ਦਾ) ਮੁਬਾਰਕ ਪ੍ਰਬੰਧ ਵਾਲਾ ਮੀਮ ਮਦਦਗਾਰ (ਮਾਣ) ਹੈ ਹਰ ਬੇਚਾਰੇ (ਨਿਮਾਣੇ) ਦਾ ('ਮ' ਦਾ ਅਰਥ ਹੈ)।

ਅਤੇ ਉਹਨਾਂ (ਦੇ ਨਾਮ) ਦੀ ਮੁਬਾਰਕ ਰੇ ਸਜਾਵਟ ਵਾਲੀ ਹੈ ਬਾਗ਼ ਹਮੇਸ਼ਗੀ ਦੀ। ('ਰ' ਦਾ ਅਰਥ ਹੈ)।

ਤੇ ਉਸ (ਦੇ ਨਾਮ) ਦੀ ਦਾਲ ਨੇਕੀਆਂ ਨਾਲ ਮਿਲੀ ਹੋਈ ਹਰ ਨਾ-ਉਮੈਦ ਦਾ ਹੱਥ ਫੜਨ ਵਾਲੀ ਹੈ। ('ਦ' ਦਾ ਅਰਥ ਹੈ)। ਤੇ (ਉਸ ਦੇ ਨਾਮ ਦਾ) ਦੂਸਰਾ ਅਲਫ਼ ਹਰ ਪਾਪੀ ਤੇ ਬੁਰੇ ਨੂੰ ਅਮਾਨ (ਸ਼ਰਨ ਦੇਣ ਵਾਲਾ)। (ਅਲਫ਼ 'ਕੰਨਾ' ਦਾ ਅਰਥ ਹੈ)।

ਤੇ ਉਸ (ਦੇ ਨਾਮ) ਦਾ ਆਖਰੀ ਸੀਨ ਰਬ ਦਾ ਸਾਯਾ ਹੈ। ('ਸ' ਦਾ ਅਰਥ ਹੈ)। ('ਅਮਰਦਾਸ' ਦਾ ਅਰਥ ਆ ਗਿਆ)।

 www.sikhbookclub.com

## ਵਾਹਿਗੁਰੂ ਜੀਉ ਸਤ

64. ਗੁਰੂ ਅਮਰਦਾਸ ਆਂ ਗਰਾਮੀ ਨਜ਼ਾਦ,
ਜ਼ਿ ਅਫ਼ਜ਼ਾਲੇ ਹੱਕ ਹਸਤੀਅਸ਼ ਰਾ ਮਵਾਦ।

65. ਜ਼ਿ ਵਸਫ਼ੋ ਸਨਾਏ ਹਮਹ ਬਰਤਰੀਂ,
ਬ-ਸਦਰੇ ਹਕ਼ੀਕ਼ਤ ਮੁਰੱਬਅ਼ ਨਸ਼ੀਂ।

66. ਜਹਾਂ ਰੌਸ਼ਨ ਅਜ਼ ਨੂਰੇ ਅਰਸ਼ਾਦੇ ਊ,
ਜ਼ਮੀਨੋ ਜ਼ਮਾਂ ਗੁਲਸ਼ਨ ਅਜ਼ ਦਾਦੇ ਊ।

67. ਦੋਅ਼ਾਲਮਗੁਲਾਮਸ਼ਚਿਹ ਹਜ਼ਦਹਹਜ਼ਾਰ,
ਫ਼ਜ਼ਾਲੋ ਕਰਾਮਸ਼ ਫਜ਼ੂੰ ਅਜ਼ ਸ਼ੁਮਾਰ।

## ਸਲਤਨਤੇ ਚਹਾਰਮ

68. ਸਲਤਨਤੇ ਚਹਾਰਮਸ਼ ਅਜ਼ ਹਰ ਚਹਾਰ ਰੁਤਬਹ ਕੁਦਸੀ ਵਾਲਾਤਰ,

ਵ ਮੁਕ਼ਬਲਾਨੇ ਖ਼ਾਸੇ ਦਰਗਾਹੇ ਸਮਦੀਅਤ ਦਰ ਖ਼ਿਦਮਤਸ਼ ਬਸਤਹ ਕਮਰ।

ਹਰ ਸ਼ੱਕੀ ਵ ਜ਼ਲੀਲ ਕਿ ਅਜ਼ ਬਾਰਗਾਹਸ਼ ਪਨਾਹ ਜੁਸਤ, ਅਜ਼ ਮਿਆਮਨੇ ਅਫ਼ਜ਼ਾਲਸ਼ ਬਰ ਮਸਨਦੇ ਕ਼ਬੂਲੋ ਇੱਜ਼ਤ ਬ-ਨਿਸ਼ਸਤ।

ਵ ਹਰ ਆ਼ਸੀਏ ਤਬਾਹਕਾਰ ਕਿ ਨਾਮੇ ਫੱਰੁਖ਼ਸ਼ ਬਰ ਜ਼ਬਾਂ ਰਾਂਦ, ਗਰਦੇ ਮਅ਼ਸੀਅਤ ਵ ਜੁਰਮ ਕਿਹ ਦਾਸ਼ਤ ਅਜ਼ ਦਾਮਨੇ ਵਜੂਦ ਬਰ ਅਫ਼ਸ਼ਾਂਦ।

## ਅਕਾਲ ਪੁਰਖ ਸਤਜ ਹੈ

64. ਗੁਰੂ ਅਮਰ ਦਾਸ ਜੀ ਉਸ (ਗੁਰੂ ਨਾਨਕ ਦੇ) ਬਜ਼ੁਰਗ ਘਰਾਣੇ (ਅਸਲੇ) ਦੇ ਹਨ, ਉਸ ਦੀ ਹਸਤੀ (ਸਰੀਰ) ਦਾ ਮਾਦਾ ਰੱਬ ਦੀਆਂ ਮਿਹਰਾਂ ਤੋਂ ਹੈ।

65. ਸਿਫ਼ਤ ਤੇ ਸ਼ਲਾਘਾ ਵਿਚ ਸਭ ਤੋਂ ਵੱਡਾ ਹੈ। ਹਕੀਕਤ ਦੇ ਤਖਤ ਉਪਰ ਚੌਂਕੜੀ ਮਾਰ ਕੇ ਬੈਠਣ ਵਾਲਾ ਹੈ।

66. ਜਹਾਨ ਉਸ ਦੇ ਬਚਨਾਂ ਦੇ ਨੂਰ ਤੋਂ ਰੌਸ਼ਨ ਹੈ, ਜ਼ਮੀਨ ਤੇ ਆਸਮਾਨ ਉਸ ਦੇ ਨਿਆਉਂ ਨਾਲ (ਫਲਿਆ ਫੁਲਿਆ) ਬਾਗ਼ ਹੈ।

67. ਅਠਾਰਾਂ ਹਜ਼ਾਰ (ਇਸ ਜਹਾਨ ਦੀ ਅਠਾਰਾਂ ਹਜ਼ਾਰ ਤਰ੍ਹਾਂ ਦੇ ਜੀਵਾਂ ਦੀ ਸ੍ਰਿਸ਼ਟੀ) ਕੀ ਹੈ, ਦੋਵੇਂ ਜਹਾਨ (ਲੋਕ ਪ੍ਰਲੋਕ ਹੀ) ਉਸ ਦੇ ਦਾਸ ਹਨ। ਉਸ ਦੀਆਂ ਵਡਿਆਈਆਂ ਤੇ ਬਜ਼ੁਰਗੀਆਂ ਅਣਗਿਣਤ ਹਨ।

## ਚੌਥੀ ਪਾਤਸ਼ਾਹੀ

68. ਚੌਥੀ ਬਾਦਸ਼ਾਹੀ ਉਸ (ਗੁਰੂ ਨਾਨਕ) ਦੀ ਚਾਰੇ ਪਵਿੱਤ੍ਰਤਾ ਦੇ ਰੁਤਬਿਆਂ (ਸ਼ਰੀਯਤ, ਤਰੀਕ਼ਤ, ਹਕੀਕ਼ਤ ਤੇ ਮਾਅਰਫ਼ਤ) ਤੋਂ ਉੱਚੀ ਹੈ।

ਤੇ ਰੱਬ ਦੀ ਖਾਸ ਦਰਗਾਹ ਦੇ ਕਬੂਲ ਹੋਏ ਹੋਏ ਉਸ ਦੀ ਖ਼ਿਦਮਤ ਵਿਚ ਕਮਰ ਬਸਤਾ (ਲੱਕ ਬੱਧੀ ਖੜੇ) ਹਨ।

ਜਿਸ ਨਿਭਾਗੇ ਤੇ ਖੁਆਰ ਨੇ ਉਸ ਦੇ ਦਰਬਾਰ ਦੀ ਸ਼ਰਨ ਢੂੰਡੀ, ਉਸ (ਗੁਰੂ) ਦੀਆਂ ਬਖ਼ਸ਼ਿਸ਼ਾਂ ਦੀ ਬਰਕਤ ਨਾਲ ਉਹ ਪ੍ਰਵਾਨਗੀ ਤੇ ਇੱਜ਼ਤ ਦੀ ਗੱਦੀ ਤੇ ਬੈਠਾ।

ਜਿਸ ਪਾਪੀ ਤੇ ਤਬਾਹਕਾਰ ਨੇ ਕਿ ਉਸ ਦਾ ਪਵਿਤ੍ਰ ਨਾਮ ਰਸਨਾ ਨਾਲ ਜਪਿਆ, ਉਸ ਦੇ ਸਰੀਰ ਦੇ ਪੱਲਿਆਂ ਤੋਂ ਪਾਪਾਂ ਤੇ ਅਪਰਾਧਾਂ ਦੀ ਸਭ ਧੂੜ ਝੜ ਗਈ।

ਰਾਏਕਰਾਮਤ ਇੰਤਹਾਇਸ਼ ਰੂਹੇ ਹਰ ਜਿਸਮ,

ਅਲਫ਼ੇ ਬਾਦੀਅਅਲਾ ਤਰ ਅਜ਼ ਹਰ ਇਸਮ।

ਮੀਮੇ ਸਰਾਪਾ ਤਕਰੀਮਸ਼ ਮਹਬੂਬੇ ਸੁਬਹਾਨੁਲਅਜ਼ੀਮ।

ਵ ਦਾਲ ਬਾ ਅਲਫ਼ਸ਼ ਦਾਇਮਾ ਬਾਹੱਕ ਮੁਕੀਮ।

ਸੀਨੇ ਆਖ਼ਰੀਨਸ਼ ਸਰਅਫ਼ਰਾਜ਼ੇ ਹਰ ਬੇਕਸ,
ਵ ਬ-ਦਸਤ-ਗੀਰੀਏ ਆਜਜ਼ਾਂ ਹਰ ਦੋਆਲਮ ਰਾ ਬਸ।

ਵਾਹਿਗੁਰੂ ਜੀਉ ਸਤਿ

69. ਗੁਰੂ ਰਾਮਦਾਸ ਆਂ ਮਤਾਅ-ਉਲ-ਵਰਾ,
ਜਹਾਂਬਾਨੇ ਅਕਲੀਮੇ ਸਿਦਕੋ ਸਫ਼ਾ।

70. ਹਮ ਅਜ਼ਸਲਤਨਤ ਹਮਜ਼ਿਫ਼ਕਰਸ਼ਨਿਸ਼ਾਂ,
ਗਿਰਾਂ ਮਾਯਾ ਤਰ ਅਫ਼ਸਰੇ ਸਰਵਰਾਂ।

71. ਜ਼ਿ ਤੌਸੀਫ਼ੇ ਓ ਸੁਲਸ ਕਾਸਰ ਜ਼ਬਾਂ,
ਅਜ਼ੋ ਰੁਬਅ ਹਮ ਸੁਦਸ ਗੌਹਰ ਫ਼ਿਸ਼ਾਂ।

ਉਸ (ਦੇ ਨਾਮ) ਦੀ ਅਨੰਤ ਬਜ਼ੁਰਗੀਆਂ ਵਾਲੀ 'ਰੇ' ਹਰ ਸਰੀਰ ਦੀ ਰੂਹ ਹੈ। ('ਰ' ਦਾ ਅਰਥ)।

ਉਸ (ਦੇ ਨਾਮ) ਦਾ ਪਹਿਲਾ ਅਲਫ਼ ਹਰ ਇਕ ਨਾਮ ਤੋਂ ਉੱਚਾ ਹੈ। (ਅਲਫ਼ 'ਕੰਨਾ' ਦਾ ਅਰਥ)।

ਉਸ (ਦੇ ਨਾਮ) ਦਾ ਸਿਰ ਤੋਂ ਪੈਰਾਂ ਤੱਕ ਬਜ਼ੁਰਗੀਆਂ ਵਾਲਾ ਮੀਮ ('ਮ') ਪਵਿੱਤਰ ਤੇ ਬਜ਼ੁਰਗ ਰੱਬ ਦਾ ਪਿਆਰਾ ਹੈ।

ਉਸ (ਦੇ ਨਾਮ) ਦਾ ਅਲਫ਼ ਨਾਲ ਮਿਲਿਆ ਹੋਇਆ ਦਾਲ ਸਦਾ ਹੱਕ (ਰੱਬ) ਦੇ ਨਾਲ ਰਹਿਣ ਵਾਲਾ ਹੈ। ('ਦ' ਦਾ ਅਰਥ)।

ਉਸ (ਦੇ ਨਾਮ) ਦਾ ਅਖ਼ੀਰਲਾ ਸੀਨ ਹਰ ਨਿਮਾਣੇ ਦਾ ਸਿਰ ਉੱਚਾ ਕਰਨ ਵਾਲਾ ਤੇ ਦੋਹਾਂ ਜਹਾਨਾਂ ਦੇ ਆਜਜ਼ਾਂ ਦੀ ਮਦਦ ਵਾਸਤੇ ਕਾਫ਼ੀ ਹੈ। ('ਸ' ਦਾ ਅਰਥ)।

## ਅਕਾਲ ਪੁਰਖ ਸਤਜ ਹੈ।

69. ਗੁਰੂ ਰਾਮਦਾਸ ਖ਼ਲਕ਼ਤ ਦਾ ਸਰਦਾਰ ਹੈ, ਜੋ ਸਿਦਕ ਤੇ ਸਫ਼ਾਈ ਦੀ ਵਲੈਤ ਦਾ ਬਾਦਸ਼ਾਹ ਹੈ।

70. ਬਾਦਸ਼ਾਹੀ ਤੇ ਫ਼ਕੀਰੀ (ਦੋਹਾਂ) ਦੀਆਂ ਨਿਸ਼ਾਨੀਆਂ ਭੀ ਉਹਨਾਂ ਤੋਂ ਜ਼ਾਹਰ ਹਨ, (ਤੇ ਉਹ) ਮਹਾਨ ਉੱਚੇ ਮਰਤਬੇ ਵਾਲੇ ਅਫਸਰ ਹਨ ਸਰਦਾਰਾਂ ਦੇ।

71. ਉਸ ਦੀ ਸਿਫ਼ਤ ਕਰਨੋਂ ਸੁਲਸ ਦੀ ਜ਼ਬਾਨ ਅਸਮੱਥ ਹੈ, ਰੁਬਅ਼ ਤੇ ਸੁਦਸ ਬੀ ਉਸ ਤੋਂ ਮੋਤੀ ਵਾਰਨ ਵਾਲੇ ਹਨ।

ਸੁਲਸ = ਤਿੰਨ ਤਰ੍ਹਾਂ ਦੀ ਪੈਦਾਇਸ਼ :-ਜਮਾਦਾਤ ਨਬਾਤਾਤ, ਹੈਵਾਨਤ। (ਅ) ਵਿਸ਼ਨੂੰ, ਬ੍ਰਹਮਾ ਤੇ ਸ਼ਿਵ ਤ੍ਰੈ ਦੇਵਤੇ। ਰੁਬਅ਼ = ਚਾਰ ਵੇਦ। (ਅ) ਚੌਥਾ ਹਿੱਸਾ, ਭਾਵ ਪ੍ਰਿਥਵੀ ਜੋ ਬ੍ਰਹਮਾਂਡ ਦਾ ਚੌਥਾ ਹਿੱਸਾ ਮੰਨੀ ਜਾਂਦੀ ਹੈ। ਤਿੰਨ ਹਿੱਸੇ ਪਾਣੀ ਹੈ। ਸੁਦਸ = ਛੇ ਸ਼ਾਸਤ੍ਰ, (ਅ) ਛੇ ਦਿਸ਼ਾਂ।

 www.sikhbookclub.com

72. ਚੋ ਹੱਕ਼ ਬਰਗੁਜ਼ੀਦਸ਼ ਜ਼ਿ ਖ਼ਾਸਾਨੇ ਖ਼੍ਰੇਸ਼,
ਸਰ ਅਫ਼ਰਾਖ਼ਤਸ਼ ਹਮ ਜ਼ਿ ਪਾਕਾਨੇ ਖ੍ਰੇਸ਼।

73. ਹਮਹ ਸਾਜਦਸ਼ ਦਾਂ ਬਸਿਦਕੇ ਜ਼ਮੀਰ,
ਚਿਹ ਅਅ਼ਲਾ ਚਿਹ ਅਦਨਾ ਚਿਹ ਸ਼ਾਹੋ ਫ਼ਕ਼ੀਰ।

## ਸਲਤਨਤੇ ਪੰਜਮ

74. ਸਲਤਨਤ ਪੰਜਮਸ਼ ਹੂਲੀਆ- ਆਰਾਏ ਸ਼ਵਾਰਕ਼ੇ ਆਂ ਹਰ ਚਹਾਰ ਮਸ਼ਅ਼ਲੇ ਹੱਕ਼ ਅਨਵਾਰ।

ਵ ਅਜ਼ ਰੁਤਬਹ ਹਰ ਪੰਜ ਕ਼ਦਸੀ ਵਾਲਾ ਮਨਜ਼ਲ ਵ ਬਲੰਦ ਇਕ਼ਤਦਾਰ।

ਹਕ਼ ਸ਼ਕੋਹ ਵ ਹਕ਼ੀਕ਼ਤ ਪਰਵਰ, ਅਅ਼ਲਾ ਅ਼ਜ਼ਮਤ ਫ਼ੈਜ਼ ਗੁਸਤਰ।

ਮਕ਼ਬੂਲੇ ਹਜ਼ਰਤੇ ਕਿਬਰੀਯਾ, ਵ ਮਤਲੂਬੇ ਬਾਰਗਾਹੇ ਬੇ ਹਮਤਾ।

ਓ ਦਰ ਹੱਕ਼ ਵ ਹੱਕ਼ ਦਰ ਜ਼ਾਤਸ਼, ਵ ਅਫ਼ਜ਼ੂੰਤਰ ਅਜ਼ ਬਿਆਂ ਹਰਜ਼ੁਬਾਂ ਸਿਫ਼ਾਤਸ਼।

ਖ਼ਾਸਾਨ ਖ਼ਾਕੇ ਰਾਹਸ਼, ਵ ਕ਼ੁਦਸੀਆਂ ਦਰ ਜ਼ਿੱਲੇ ਪਨਾਹਸ਼।

ਅਲਫ਼ੇ ਨਾਮੇ ਅਹਦੀਯਤ ਇੰਤਜ਼ਾਮਸ਼,
ਇਆ਼ਨਤ ਬਖ਼ਸ਼ੇ ਹਰ ਨਾ-ਉਮੀਦ ਵ ਰਾਂਦਹ,

ਵਾ ਰਾਏ ਰਾਹਤ ਅਫ਼ਜ਼ਾਇਸ਼ ਰਫ਼ੀਕੇ ਹਰ ਜ਼ਲੀਲ ਵ ਦਰਮਾਂਦਹ।

ਜੀਮੇ ਹੱਕ਼ ਨਸੀਮਸ਼ ਜਾਂ ਫ਼ਜ਼ਾਇੰਦਹਏ ਇਰਾਦਤ ਗੁਜ਼ੀਨਾਂ।

72. ਜਦ ਰੱਬ ਨੇ ਉਸ ਨੂੰ ਆਪਣੇ ਖ਼ਾਸ ਲੋਕਾਂ ਵਿਚੋਂ ਚੁਣਿਆਂ ਤੇ ਉੱਚਾ ਕੀਤਾ ਆਪਣੇ ਪਵਿੱਤ੍ਰ ਦਾਸਾਂ ਤੋਂ ਬੀ।

73. (ਤਾਂ) ਕੀ ਵੱਡੇ ਤੇ ਕੀ ਛੋਟੇ, ਕੀ ਬਾਦਸ਼ਾਹ ਤੇ ਕੀ ਫ਼ਕੀਰ ਸਭ ਸੱਚੇ ਦਿਲ ਨਾਲ ਉਸ ਨੂੰ ਸਿਜਦਾ ਕਰਨ ਵਾਲੇ ਹੋ ਗਏ ਜਾਣ ਲੈ।

## ਪੰਜਵੀਂ ਪਾਤਸ਼ਾਹੀ

74. ਉਸ ਦੀ ਪੰਜਵੀਂ ਬਾਦਸ਼ਾਹੀ ਉਨ੍ਹਾਂ ਚੌਹਾਂ ਰੱਬ ਦੇ ਨੂਰ ਵਾਲੀਆਂ ਮਸ਼ਾਲਾਂ ਦੇ ਪ੍ਰਕਾਸ਼ਾਂ ਨੂੰ ਸਜਾਉਣ ਵਾਲੀ ਹੈ।

ਰੁਤਬੇ ਦੇ ਲਿਹਾਜ਼ ਨਾਲ ਪੰਜੇ (ਗੁਰੂ) ਪਵਿਤ੍ਰ ਵੱਡੇ ਰੁਤਬੇ ਤੇ ਉੱਚੇ ਕਦਰ ਵਾਲੇ ਹਨ।

ਸੱਚੇ ਦਰਬਾਰ ਵਾਲੇ ਤੇ ਹਕੀਕਤ ਦੇ ਪਾਲਣ ਵਾਲੇ, ਉੱਚੀ ਬਜ਼ੁਰਗੀ ਦੇ ਫ਼ੈਜ਼ ਖਿਲਾਰਨ (ਮਿਹਰਾਂ ਵਰਸਾਉਣ) ਵਾਲੇ।

ਪ੍ਰਵਾਣ ਹੋਏ ਹੋਏ ਬਜ਼ੁਰਗ ਰੱਬ ਦੀ ਦਰਗਾਹ ਦੇ ਅਤੇ ਮਤਲੂਬ (ਚਾਹੇ ਗਏ) ਬੇ-ਮਿਸਾਲ (ਰੱਬੀ) ਦਰਗਾਹ ਦੇ ਹਨ।

ਓਹ ਰੱਬ ਦੇ ਵਿਚ, ਤੇ ਰੱਬ ਉਨ੍ਹਾਂ ਦੀ ਜ਼ਾਤ ਦੇ ਵਿਚ। ਉਸ ਦੀਆਂ ਸਿਫ਼ਤਾਂ ਹਰ ਜ਼ੁਬਾਨ ਦੇ ਬਿਆਨ ਤੋਂ ਬਹੁਤ ਹੀ ਜ਼ਿਆਦਾ ਹੈਨ (ਭਾਵ ਗੁਰੂ ਅਰਜਨ ਜੀ ਦੀ ਉਸਤਤ ਨਹੀਂ ਹੋ ਸਕਦੀ)।

ਖ਼ਾਸ ਲੋਕ ਉਸ ਦੇ ਰਾਹ ਦੀ ਧੂੜ (ਹਨ) ਪਵਿੱਤ੍ਰ ਲੋਕ ਉਸ ਦੀ ਸ਼ਰਨ ਦੀ ਛਾਂ ਹੇਠ ਹਨ।

ਉਸ ਦੇ ਏਕਤਾ ਦੇ ਪ੍ਰਬੰਧ ਵਾਲੇ ਨਾਉਂ ਦਾ ਅਲਫ਼ ਬੇਉਮੈਦਾਂ ਤੇ ਧੱਕਿਆਂ ਹੋਯਾਂ ਦਾ ਸਹਾਇਕ ਹੈ। ('ਅ' ਦਾ ਅਰਥ)।

ਤੇ ਉਸ (ਦੇ ਨਾਉਂ) ਦੀ ਖੁਸ਼ੀ ਵਧਾਉਣ ਵਾਲੀ 'ਰੇ' ਨਿਮਾਣਿਆਂ ਤੇ ਨਿਥਾਵਿਆਂ ਦੀ ਸਾਥਣ ਹੈ। ('ਰ' ਦਾ ਅਰਥ।)

ਤੇ ਉਸ (ਦੇ ਨਾਉਂ) ਦੀ ਰੱਬ ਸੱਚ ਦੀ ਵਾਸ਼ਨਾਂ ਵਾਲੀ ਜੀਮ ਸਿੱਖਾਂ ਦੀ ਜ਼ਿੰਦਗੀ ਵਧੌਣ ਵਾਲੀ। ('ਜ' ਦਾ ਅਰਥ)।

ਵ ਨੂਨੇ ਫ਼ੈਜ਼ ਮਕ਼ਰੂਨਸ਼ ਨਵਾਜ਼ਿੰਦ ਹਏ ਅ਼ਕ਼ੀਦਤ ਆਈਨਾਂ।

## ਵਾਹਿਗੁਰੂ ਜੀਉ ਸੱਤਿ

75. ਗੁਰੂ ਅਰਜਨ ਆਂ ਜੁਮਲਾ ਜੂਦੋ ਫ਼ਜ਼ਾਲ,
ਹਕੀਕ਼ਤ ਪਯੋਹੰਦਹਏ ਹਕ਼ ਜਮਾਲ।

76. ਵਜੂਦਸ਼ ਹਮਹ ਰਹਿਮਤੇ ਈਜ਼ਦੀ,
ਸਆ਼ਦਤ ਫ਼ਜ਼ਾਇੰਦਹਏ ਸਰਮਦੀ।

77. ਮੁਰੀਦਸ਼ ਦੋ ਆਲਮ ਚਿਹਬਲ ਸਦਹਜ਼ਾਰ,
ਹਮਹ ਅਜ਼ ਕਰਮਹਾਏ ਓ ਜੁੱਰਅ਼ ਖ਼੍ਵਾਰ।

78. ਅਜ਼ੋ ਨਜ਼ਮ ਕਾਲੇ ਹੱਕ਼ ਅੰਦੇਸ਼ਹ ਰਾ,
ਬਦੋ ਨਸਕ਼ ਇਲਮੇ ਯਕ਼ੀਂ ਪੇਸ਼ਹ ਰਾ।

79. ਜਿਲਾਏ ਮਕਾਲੇ ਹਕ਼ ਆਮਦ ਅਜ਼ੋ।
ਫ਼ਰੋਗੇ ਜਮਾਲੇ ਹਕ਼ ਆਮਦ ਅਜ਼ੋ।

## ਸਲਤਨਤੇ ਸ਼ਸ਼ਮ

80. ਸਲਤਨਤੇ ਸ਼ਸ਼ਮਸ਼ ਜਲਵਹ ਆਰਾਏ ਈਜ਼ਦੀ ਸ਼ਵਾਰਕ਼,
ਵ ਇੱਤਸ਼ਾਰ ਅਫ਼ਜ਼ਾਏ ਕ਼ਦਸੀ ਬਵਾਰਿਕ।

ਸ਼ਾਰਕ਼ਹਏ ਰਹਿਮਤਸ਼ ਆ਼ਲਮੀਆਂ ਅ਼ਫ਼ਰੋਜ਼,
ਵ ਬਾਰਕਹਏ ਅਜ਼ਮਤਸ਼ ਜ਼ੁਲਮਤੀਆਂ ਸੋਜ਼।

ਤੇ ਉਸ (ਦੇ ਨਾਉਂ) ਦਾ ਫੈਜ਼ ਦੀ ਨਜ਼ਦੀਕੀ ਵਾਲਾ ਨੂਨ ਨਿਸਚੇ ਵਾਲਿਆਂ ਨੂੰ ਵਡਿਔਣ ਵਾਲਾ। ('ਨ' ਦਾ ਅਰਥ)।

## ਅਕਾਲ ਪੁਰਖ ਸਤਜ ਹੈ।

75. ਗੁਰੂ ਅਰਜਨ ਹੈ ਉਨ੍ਹਾਂ ਸਾਰੀਆਂ ਬਜ਼ੁਰਗੀਆਂ ਤੇ ਬਖ਼ਸ਼ਿਸ਼ਾਂ ਦਾ (ਸਰੂਪ) ਤੇ ਹੱਕ਼ ਦੇ ਜਮਾਲ ਵਾਲੀਆਂ ਹਕ਼ੀਕ਼ਤਾਂ ਦਾ ਢੂੰਡਣ ਵਾਲਾ।

76. ਉਹਨਾਂ ਦਾ ਵਜੂਦ ਸਾਰਾ ਰੱਬੀ ਰਹਿਮਤ ਹੈ। ਹਮੇਸ਼ਾਂ ਦੀ ਸੁਭਾਗਤਾ ਨੂੰ ਵਧੌਣ ਵਾਲਾ (ਅਰਥਾਤ ਸਦਾ ਲਈ ਸੁਭਾਗ ਬਨਾਉਣ ਵਾਲਾ) ਹੈ।

77. ਦੋ ਜਹਾਨ ਕੀ ਸਗੋਂ ਲੱਖਾਂ (ਜਹਾਨ) ਉਸ ਦੇ ਮੁਰੀਦ ਹਨ, ਸਾਰੇ ਉਸ ਦੀਆਂ ਬਖਸ਼ਿਸ਼ਾਂ ਤੋਂ ਘੁੱਟ ਪੀਣ ਵਾਲੇ ਹਨ। (ਭਾਵ=ਦਾਤਾਂ ਨੂੰ ਭੁੰਚਣ ਵਾਲੇ ਹਨ)।

78. ਹੱਕ਼ ਦੇ ਸੋਚਣ ਵਾਲੀਆਂ ਗੱਲਾਂ ਦਾ ਪ੍ਰਬੰਧ ਉਸੇ ਦਾ ਹੈ; ਨਿਸਚੇ ਦੇ ਇਲਮ ਦਾ ਪ੍ਰਬੰਧ ਵੀ ਉਸੇ ਤੋਂ ਹੈ।

79. ਰੱਬੀ ਕਲਾਮ ਦਾ ਚਾਨਣਾ ਉਸੇ ਤੋਂ ਆਇਆ ਹੈ, ਹੱਕ ਦੇ ਸੁਹੱਪਣ ਦਾ ਚਾਨਣਾ ਵੀ ਉਸੇ ਤੋਂ ਹੈ। (ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਇਸ਼ਾਰਾ ਹੈ)।

## ਛੇਵੀਂ ਪਾਤਸ਼ਾਹੀ

80. ਉਸ (ਗੁਰੂ ਨਾਨਕ) ਦੀ ਛੇਵੀਂ ਬਾਦਸ਼ਾਹੀ ਰੱਬੀ ਰੌਸ਼ਨੀਆਂ ਦਾ ਜਲਵਾ ਸਜਾਵਣ ਵਾਲੀ ਹੈ ਤੇ ਪਵਿੱਤ੍ਰ ਨੂਰ ਨੂੰ ਵੱਧ ਤੋਂ ਵੱਧ ਖਿਲਾਰਨ ਵਾਲੀ ਹੈ।

ਉਸ ਦੀ ਰਹਿਮਤ ਦਾ ਚਮਕਾਰਾ ਸੰਸਾਰੀਆਂ ਨੂੰ ਰੌਸ਼ਨ ਕਰਨ ਵਾਲਾ, ਤੇ ਉਸ ਦੀ ਬਜ਼ੁਰਗੀ ਦਾ ਚਮਕਾਰਾ ਹਨੇਰੇ ਵਾਲਿਆਂ (ਅਗਜਾਨੀਆਂ) ਦਾ (ਹਨੇਰਾ) ਸਾੜਨ ਵਾਲਾ।


www.sikhbookclub.com

ਤੇਗ਼ਸ਼ ਦੁਸ਼ਮਨ ਅਫ਼ਗਨ,ਵ ਤੀਰਸ਼ ਖ਼ਾਰਾ ਸ਼ਿਕਨ।

ਇਅ਼ਜਾਜ਼ੇ ਪਾਕਸ਼ ਮਿੰਨੁਲਸ਼ਮਸ ਅਜ਼ ਹਰ,
ਵ ਮਨਜ਼ਲੇ ਉ਼ਲੀਆਇਸ਼ ਅਜ਼ ਹਰ ਉ਼ਲਵੀ ਬਰਤਰ।

ਜ਼ੇਬੇ ਹਰ ਪੰਜ ਮਸ਼ਅਲੇ ਜਹਾਂ ਆਰਾਇ,
ਵ ਜ਼ੀਨਤੇ ਅੰਜਮਨੇ ਇਰਸ਼ਾਦ ਵ ਹੁਦਾਂ।

ਹਾਏ ਨਾਮੇ ਹੱਵੀਯਤ ਇਰਤਸਾਮਸ਼ ਹਾਦੀਏ ਕੌਨੈਨ,

ਵ ਰਾਏ ਰਹਿਮਤ ਇਕ਼ਤਜ਼ਾਇਸ਼ ਰੌਸ਼ਨੀਏ ਹਰ ਐ਼ਨ।

ਕਾਫ਼ੇ ਫ਼ਾਰਸੀਅਸ਼ ਗੌਹਰੇ ਹੱਕ਼ ਜਿਲਾ,

ਵ ਵਾਵੇ ਬਾਦੀ ਵਿਰਦੁਲਮਾ ਜਾਂਫ਼ਿਜ਼ਾ।

ਬਾਏ ਅਬਦ ਜ਼ਿਆਇਸ਼ ਬਾਕ਼ੀ ਬਿਲਹੱਕ਼,

ਵ ਸ਼ਮੀਮੇ ਨੂਨੇ ਫੱਰੁਖ਼ ਮਜ਼ਮੂਨਸ਼ ਨਿਅ਼ਮੇ ਜਾਵਿਦਾਨੀ ਨਸ਼ਕ਼।

ਦਾਲੇ ਆਖ਼ਰਸ਼ ਦਾਨਾਏ ਬਾਤਨ ਵ ਜ਼ਾਹਿਰ,

ਵ ਅਸਰਾਰੇ ਗ਼ੈਬ ਵ ਸ਼ਹੂਦ ਬਰ ਦਿਲਸ਼ ਬਾਹਰ।

ਤਲਵਾਰ ਉਸ ਦੀ ਵੈਰੀ ਨੂੰ ਮਾਰਨ ਵਾਲੀ, ਤੀਰ ਉਸ ਦਾ ਪੱਥਰ ਤੋੜਨ ਵਾਲਾ।

ਉਸ ਦੀ ਪਵਿੱਤ੍ਰ ਕਰਾਮਾਤ ਸੂਰਜ ਤੋਂ ਵੀ ਵਧੀਕ ਰੌਸ਼ਨ ਹੈ, ਤੇ ਉਸ ਦਾ ਬਜ਼ੁਰਗ ਮਰਤਬਾ ਹਰ ਉੱਚੇ ਤੋਂ ਉੱਚਾ ਹੈ।

ਜਹਾਨ ਨੂੰ ਸਜਾਉਣ ਵਾਲੀਆਂ ਪੰਜਾਂ ਮਸ਼ਾਲਾਂ (ਪੰਜਾਂ ਗੁਰੂ ਸਾਹਿਬਾਂ) ਦਾ ਸੁਹਲੱਪ, ਤੇ ਸਿਖਜਾ ਤੇ ਬਚਨਾਂ ਦੀ ਸਭਾ ਦੀ ਸੁੰਦਰਤਾ ਹਨ (ਆਪ)।

ਉਸ ਦੇ ਨਾਮ ਦੀ 'ਹੇ' (ਹੱਵੀਅਤ=) ਰਬ ਦੇ ਨਿਸ਼ਾਨ ਵਾਲੀ ਦੋ ਜਹਾਨਾਂ ਨੂੰ ਸਿੱਖਜਾ ਦੇਣ ਵਾਲੀ ਹੈ। ('ਹ' ਦਾ ਅਰਥ)।

ਤੇ ਉਸ (ਦੇ ਨਾਮ) ਦੀ ਰਹਿਮਤਾਂ ਦੀ ਭਰੀ ਹੋਈ 'ਰੇ' ਹਰ ਅੱਖ ਦੇ ਰੌਸ਼ਨ ਕਰਨ ਵਾਲੀ ਹੈ। ('ਰ' ਦਾ ਅਰਥ)।

ਉਸ (ਦੇ ਨਾਮ) ਦਾ ਕਾਫ ਫ਼ਾਰਸੀ (ਗਾਫ਼) ਸੱਚ ਨੂੰ ਚਮਕਾਉਣ ਵਾਲਾ ਮੋਤੀ। ('ਗ' ਦਾ ਅਰਥ)।

ਤੇ 'ਵਾ' ਖ਼ਾਲਸ ਆਤਮਾਂ ਨੂੰ ਖੇੜਨ ਵਾਲਾ ਗੁਲਾਬ (ਖ਼ੁਸ਼ਬੂ)। 'ਹੋੜੇ' ਦਾ ਅਰਥ)।

ਉਸ (ਦੇ ਨਾਮ) ਦੀ ਹਮੇਸ਼ਾਂ ਦੀ ਰੌਸ਼ਨੀ ਵਾਲੀ 'ਬੇ' ਰੱਬ ਦਾ ਨਾਮ (ਦਿਲਾਂ ਵਿਚ ਬਾਕੀ=) ਕਾਇਮ ਰੱਖਣ ਵਾਲੀ ਹੈ। ('ਬ' ਦਾ ਅਰਥ)।

ਉਸ (ਦੇ ਨਾਮ) ਦੇ ਮੁਬਾਰਕ ਮਜ਼ਮੂਨ ਵਾਲੇ ਨੂਨ ਦੀ ਖੁਸ਼ਬੋ ਸਦਾ ਦੇ ਇੰਤਜ਼ਾਮ ਵਾਲੀ ਨਿਅ਼ਮਤ ਹੈ। ('ਟਿੱਪੀ' ਦਾ ਅਰਥ)।

ਉਸ (ਦੇ ਨਾਮ) ਦਾ ਅਖ਼ੀਰਲਾ ਦਾਲ ਗੁਪਤ ਤੇ ਪ੍ਰਗਟ ਦੇ ਜਾਨਣ ਵਾਲਾ। ('ਦ' ਦਾ ਅਰਥ)।

ਤੇ ਗ਼ੈਬ ਦੇ ਤੇ ਸ਼ਹੀਦਾਂ ਦੇ ਭੇਤ ਉਸ ਦੇ ਦਿਲ ਪਰ ਪਰਤੱਖ ਹਨ।

## ਵਾਹਿਗੁਰੂ ਜੀਉ ਸੱਤ

81. ਗੁਰੂ ਹਰਗੋਬਿੰਦ ਆਂ ਸਰਾ-ਪਾ ਕਰਮ।
ਕਿ ਮਕਬੂਲ ਸ਼ੁਦ ਜ਼ੋ ਸ਼ੱਕੀ ੳ ਦਜ਼ਮ।

82. ਫ਼ਜ਼ਾਲੋ ਕਰਾਮਸ਼ ਫ਼ਜ਼ੂੰ ਅਜ਼ ਹਿਸਾ,
ਸ਼ਕੋਹਸ਼ ਹਮਹ ਫ਼ੱਰਹਏ ਕਿਬਰੀਯਾ।

83. ਵਜੂਦਸ਼ ਸਰਾਪਾ ਕਰਮ - ਹਾਏ ਹੱਕ਼
ਜ਼ਿ ਖ਼੍ਵਾਸਾਂ ਰਬਾਇੰਦਹ ਗੋਏ ਸਬਕ਼।

84. ਹਮ ਅਜ਼ ਫ਼ਕ਼ਰੋ ਹਮ ਸਲਤਨਤ ਨਾਮਵਰ,
ਬਫ਼ੁਰਮਾਨੇ ਊ ਜੁਮਲਾ ਜ਼ੇਰੋ ਜ਼ਬਰ।

85. ਦੁ ਆਲਮ ਮੁਨੱਵਰ ਜ਼ਿ ਅਨਵਾਰੇ ਊ,
ਹਮਹ ਤਿਸ਼ਨਹਏ ਫ਼ੈਜ਼ੇ ਦੀਦਾਰੇ ਊ।

## ਸਲਤਨਤੇ ਹਫ਼ਤਮ

86. ਸਲਤਨਤੇ ਹਫ਼ਤਮਸ਼ ਅਜ਼ ਹਫ਼ਤ ਵ ਨੁਹੁ ਬਰਤਰੀਂ,
ਵ ਸਦ ਹਜ਼ਾਰਾਂ ਸੁਬਅ਼ ਵ ਤਿਸਅ਼ ਖ਼ਾਕ ਨਸ਼ੀਂ।

ਉਲਵੀਆਂਨੇ ਕੁਦਸੀ ਬਸਤਹ ਕਮਰ ਬਰ ਦਰਸ਼, ਵ ਕੁਦਸੀਆਨੇ ਉਲਵੀ ਚਾਕਰੇ ਫ਼ਰਮਾਂਬਰਸ਼। ਅਜ਼ ਹਮ ਗੁਸਲ ਕਮੈਂਦੇ ਮਰਗ ਵ ਹਲਾਕ, ਵ ਮਲਕਲਮੌਤੇ ਸਹਿਮਨਾਕ ਅਜ਼ ਅਜ਼ਮਤਸ਼ ਸੀਨਹ ਚਾਕ।

## ਅਕਾਲ ਪੁਰਖ ਦਾ ਨਾਮ ਸੱਚਾ ਹੈ।

81. ਗੁਰੂ ਹਰਿਗੋਬਿੰਦ ਸਿਰ ਤੋਂ ਪੈਰਾਂ ਤੱਕ ਬਖ਼ਸ਼ਿਸ਼ਾਂ ਵਾਲੇ ਹਨ, ਉਨ੍ਹਾਂ ਦੇ ਜ਼ਰੀਏ ਵੱਡੇ ਵੱਡੇ ਪਾਪੀ ਤੇ ਸ਼ੋਕਾਤੁਰ (ਦਰਗਾਹ ਰੱਬ ਦੀ ਵਿਚ) ਕਬੂਲ ਹੋ ਗਏ,

82. ਬਜ਼ੁਰਗੀ ਤੇ ਕਰਾਮਾਤ ਉਸ ਦੀ ਬੇ ਹਿਸਾਬ ਹੈ, ਉਸਦਾ ਦਬਦਬਾ ਸਾਰਾ ਰੱਬੀ ਦਬਦਬਾ ਹੈ।

83. ਉਸ ਦਾ ਵਜੂਦ ਸਿਰ ਤੋਂ ਪੈਰਾਂ ਤੀਕਰ ਰੱਬੀ ਬਖ਼ਸ਼ਿਸ਼ਾਂ ਦਾ ਹੈ ਤੇ ਸਭ ਖਾਸ ਲੋਕਾਂ (ਰੱਬੀ ਲੋਕਾਂ) ਤੋਂ ਅੱਗੇ ਵਧ ਜਾਣ ਵਾਲਾ (ਵੱਡਾ) ਹੈ।

84. ਬਾਦਸ਼ਾਹੀ ਤੇ ਫ਼ਕੀਰੀ ਦੋਹਾਂ ਵਿਚ ਹੀ ਉੱਘਾ ਹੈ, ਹੇਠਲੇ ਤੇ ਉਪਰਲੇ ਸਭੇ ਉਸ ਦੇ ਹੁਕਮ ਹੇਠ ਹਨ।

85. ਉਸ ਦੇ ਨੂਰ ਤੋਂ ਦੋ ਜਹਾਨ ਪ੍ਰਕਾਸ਼ਮਾਨ ਹਨ, ਤੇ ਸਭ ਉਸ ਦੀ ਦਰਸ਼ਨ ਮਿਹਰ ਦੇ ਤਿਹਾਏ ਹਨ।

## ਸੱਤਵੀਂ ਪਾਤਸ਼ਾਹੀ

86. ਸਤਵੀਂ ਪਾਤਸ਼ਾਹੀ ਉਸ (ਗੁਰੂ ਨਾਨਕ) ਦੀ ਸੱਤ ਜ਼ਮੀਨਾਂ (ਪ੍ਰਿਥਵੀ ਦੇ ਸੱਤ ਵੱਡੇ ਖੰਡ) ਤੇ ਨੌ ਅਸਮਾਨਾਂ* ਤੋਂ ਉੱਚੀ। ਤੇ ਸੈਂਕੜੇ ਹਜ਼ਾਰਾਂ (ਲੱਖਾਂ) ਸੱਤ (ਜ਼ਮੀਨਾਂ) ਤੇ ਨੌ (ਅਸਮਾਨ) ਉਸ ਦੀ ਧੂੜੀ ਵਿਚ ਬੈਠਣ ਵਾਲੇ (ਅਰਥਾਤ ਸੇਵਾ ਵਿਚ ਹਾਜ਼ਰ ਰਹਿਣ ਵਾਲੇ) ਹਨ।

ਪਵਿੱਤ੍ਰ ਉੱਚੇ ਲੋਕ ਉਸ ਦੇ ਬੂਹੇ ਤੇ ਲੱਕ ਬੱਧੀ ਖੜੇ ਹਨ। ਉੱਚੇ ਪਵਿੱਤ੍ਰ ਲੋਕ ਉਸ ਦੇ ਹੁਕਮ ਦੇ ਤਾਬਿਆਦਾਰ ਹਨ। (ਉਸ) ਤੋਂ ਮੌਤ ਤੇ ਜਮ ਦਾ ਕਮੰਦ (ਫਾਹਾ) ਟੁੱਟਦਾ ਹੈ। ਉਸ ਦੇ ਦਬਦਬੇ ਤੋਂ ਭਿਆਨਕ ਜਮ ਰਾਜ ਦਾ ਸੀਨਾ ਫਟਦਾ ਹੈ।

---

* ਸੱਤ ਅਸਮਾਨ, ਤੇ ਦੋ ਅਰਸ਼ ਤੇ ਕੁਰਸ ਨੌ ਹੋਏ।

 www.sikhbookclub.com

ਤਖ਼ਤ ਨਸ਼ੀਨੇ ਸਲਤਨਤੇ ਬੇਜ਼ਵਾਲ,
ਵ ਮਕ਼ਬੁਲੇ ਦਰਗਾਹੇ ਵਾਹਿਬੁਲ ਮੁਤਅ਼ਾਲ।
ਮੁਨਅਮੁਲਫ਼ਜ਼ਾਲ ਖ਼ੁਦ ਤਾਲਬਸ਼,

ਵ ਬਰ ਕ਼ਦਰ ਵ ਕ਼ੁਦਰਤ ਦਸਤਗਾਹ ਗ਼ਾਲਬਸ਼। ਅਜ਼ ਨਾਮੇ ਫ਼ੱਰੁਖ਼ਸ਼ ਕਾਫ਼ੇ ਤਾਜ਼ੀ ਕਰਾਮਤੇ ਕੱਰੋਬੀਆਂ,

ਵ ਰਾਏ ਹਕ਼ ਗਰਾਇਸ਼ ਰਿਆਹੇ ਕੱਦੂਸੀਆਂ।

ਤਾਏ ਬਾ ਅਲਫ਼ੇ ਓ,
ਤਾਬ ਦੇਹ ਪੰਜਹਏ ਤਹਮਤਨਾਂਨੇ ਫ਼ਲਕ ਜ਼ੋਰ,

ਵ ਹਾਏ ਬਾ-ਰਾਇਸ਼ ਹਜ਼ੀਮਤ ਅਫ਼ਗਨੇ ਫ਼ਲਕ ਹੈਬਤਾਨੇ ਸਲਹਸ਼ੋਰ।

ਰਾਏ ਬਾ ਅਲਫ਼ਸ ਰਾ ਅ਼ਸ਼ਰ ਬਰ ਗਜ਼ੀਂ ਰਾਮ,

ਵ ਯਾਏ ਆਖ਼ਰਸ਼ ਯਾਵਰੇ ਖ਼ਾਸੋ ਅ਼ਾਮ।

ਵਾਹਿਗੁਰੂ ਜੀਉ ਸੱਤਿ

87. ਹਕ਼ ਪਰਵਰ ਹਕ਼ ਕੇਸ਼ ਗੁਰੂ ਕਰਤਾ ਹਰਿਰਾਇ, ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿਰਾਇ।

88. ਫੱਯਾਜ਼ੁੱਦਾਰੈਨ ਗੁਰੂ ਕਰਤਾ ਹਰਿਰਾਇ,
ਸਰਵਰੇ ਕੌਨੈਨ ਗੁਰੂ ਕਰਤਾ ਹਰਿਰਾਇ।

ਅਟੱਲ ਸਲਤਨਤ ਦੇ ਤਖ਼ਤ ਤੇ ਬੈਠਣ ਵਾਲਾ, ਤੇ ਉੱਚੇ ਬਖਸ਼ਣਹਾਰ ਰੱਬ ਦੀ ਦਰਗਾਹ ਦਾ ਕਬੂਲਿਆ ਹੋਯਾ ਹੈ। ਬਜ਼ੁਰਗੀਆਂ ਦੀਆਂ ਨਿਆਮਤਾਂ ਦੇਣ ਵਾਲਾ (ਰੱਬ) ਆਪ ਉਹਦਾ ਚਾਹਵੰਦ ਹੈ।

ਤੇ ਕਦਰ ਤੇ ਕੁਦਰਤ ਦੇ ਉਪਰ ਉਸ ਦੀ ਤਾਕਤ ਗ਼ਾਲਬ ਹੈ। ਤੇ ਉਸ ਦੇ ਮੁਬਾਰਕ ਨਾਮ ਵਿਚੋਂ 'ਕਾਫ਼' ਅਰਬੀ ('ਕ') ਦੇਵਤਿਆਂ ਦੀ ਬਜ਼ੁਰਗੀ ਹੈ।

ਤੇ ਉਸ (ਦੇ ਨਾਮ) ਦੀ ਹੱਕ ਦੇ ਪ੍ਰੇਰਨ ਵਾਲੀ 'ਰੇ'('ਰ') ਪਵਿਤ੍ਰ ਲੋਕਾਂ ਦੀ ਮਹਿਕ ਹੈ।

ਤੇ ਉਸ (ਦੇ ਨਾਮ) ਦੀ 'ਅਲਫ਼' ਨਾਲ ਮਿਲੀ ਹੋਈ 'ਤੇ' ਅਸਮਾਨੀ ਜ਼ੋਰ ਵਾਲੇ ਸੂਰਮਿਆਂ ਦੇ ਪੰਜੇ ਨੂੰ ਤਾਕਤ ਦੇਣ ਵਾਲੀ ('ਤਾ' ਦਾ ਅਰਥ)।

ਉਸ (ਦੇ ਨਾਮ) ਦੀ 'ਹੇ' ਨਾਲ ਮਿਲੀ ਹੋਈ 'ਰੇ' (ਹਰਿ') ਅਸਮਾਨ ਜੇਡੇ (ਵਡੇ) ਭਿਆਨਕ ਬਹਾਦਰਾਂ ਨੂੰ ਹਰਾਉਣ ਵਾਲੀ।

ਉਸ ਦੇ (ਨਾਮ ਦੀ) 'ਰੇ' ਅਲਫ ਨਾਲ ਮਿਲੀ ਹੋਈ ਰਾਜਿਆਂ ਤੋਂ ਮਾਮਲਾ ਲੈਣ ਵਾਲੀ ਰਾਮ ਦੀ (ਅਰਥਾਤ 'ਰਾ' ਰਾਮ ਵਿਚੋਂ ਹੈ ਜੋ ਸਭ ਰਾਜਿਆਂ ਤੋਂ ਖਿਰਾਜ ਲੈਣ ਵਾਲਾ ਹੈ)।

ਉਸ (ਦੇ ਨਾਮ) ਦੀ ਆਖਰੀ 'ਯੇ' ('ਇ') ਸਹਾਇਕ ਹੈ ਹਰ ਖਾਸ ਤੇ ਆਮ ਦੀ*।

## ਅਕਾਲ ਪੁਰਖ ਦਾ ਨਾਮ ਸੱਚਾ ਹੈ।

87. ਗੁਰੂ ਕਰਤਾ ਹਰਿਰਾਇ ਹੱਕ ਦੇ ਪਾਲਣ ਵਾਲੇ ਤੇ ਸੱਚ ਦੇ ਮਜ਼ਹਬ ਵਾਲੇ ਹਨ, ਬਾਦਸ਼ਾਹ ਵੀ ਤੇ ਫਕੀਰ ਵੀ ਹਨ ਗੁਰੂ ਕਰਤਾ ਹਰਿਰਾਇ ਜੀ।

88. ਦੋਹਾਂ ਜਹਾਨਾਂ ਨੂੰ ਫੈਜ਼ ਪੁਚਾਉਣ ਵਾਲੇ ਹਨ ਗੁਰੂ ਕਰਤਾ ਹਰਿਰਾਇ, ਸਰਦਾਰ ਹਨ ਦੋ ਜਹਾਨਾਂ ਦੇ ਗੁਰੂ ਕਰਤਾ ਹਰਿਾਇ।

---

* ਇੱਥੇ ਸਤਵੀਂ ਪਾਤਿਸ਼ਾਹੀ ਜੀ ਦਾ ਨਾਉਂ ਗੁਰੂ "ਕਰਤਾ ਹਰਿਰਾਇ" ਦੱਸਿਆ ਹੈ।


www.sikhbookclub.com

89. ਹੱਕ਼ ਵਾਸਫ਼ੇ ਇਕ ਰਾਮ ਗੁਰੂ ਕਰਤਾ ਹਰਿਰਾਇ, ਖ਼ਾਸਾਨੇ ਹਮਾ ਬਰ ਕਾਮ ਗੁਰੂ ਕਰਤਾ ਹਰਿਰਾਇ।

90. ਗਰਦਨ ਜ਼ਨੇ ਸਰਕਸ਼ਾਂ ਗੁਰੂ ਕਰਤਾ ਹਰਿ ਰਾਇ, ਯਾਰੇ ਮੁਤਜ਼ੱਰਅ਼ਾਂ ਗੁਰੂ ਕਰਤਾ ਹਰਿਰਾਇ।

91. ਸ਼ਾਹਨਸ਼ਹੇ ਹੱਕ਼ ਨਸਕ਼ ਗੁਰੂ ਕਰਤਾ ਹਰਿਰਾਇ, ਫ਼ਰਮਾਂ ਦਿਹੇ ਨੁਹ ਤ਼ਬਕ਼ ਗੁਰੂ ਕਰਤਾ ਹਰਿਰਾਇ।

## ਸਲਤਨਤੇ ਹਸ਼ਤਮ

92. ਸਲਤਨਤੇ ਹਸ਼ਤਮਸ਼ ਤਾਜੇ ਮਅ਼ਸੂਮਾਨੇ ਮਕ਼ਬੂਲ, ਵ ਮਤਅ਼ਏ ਮੁਕਬਿਲਾਨੇ ਮੌਸੂਲ।

ਇਅ਼ਜਾਜ਼ੇ ਕ਼ਦਸੀਅਸ਼ ਸ਼ੁਹਰਾ ਆਫ਼ਾਕ,
ਵ ਅਨਵਾਰੇ ਵਜੂਦੇ ਪਾਕਸ਼ ਹੱਕ਼ ਇਸ਼ਰਾਕ਼।
ਖਾਸਾਂ ਕੁਰਬਾਨਸ਼ ਵ ਪਾਕਾਂ ਸਰ ਬਰਆਸਤਾਨਸ਼।

ਵਾਸਫੇ ਔਸਾਫ਼ੇ ਜਜ਼ਾਇਲਸ਼ ਹਜ਼ਾਰਾਂ ਹਜ਼ਾਰ,
ਸੁਲਸ ਵ ਸੁਦਸ[1] ਬਰ ਗੁਜ਼ੀਂ,

ਵ ਰੇਜ਼ਾ ਚੀਨੇ ਮਾਇਦਹਏ ਅਲਤਾਫ਼ੇ ਜਲਾਇਲਸ਼ ਬੇਸ਼ ਅਜ਼ ਸ਼ੁਮਾਰ, ਤਿੱਸਅ ਵ ਅਸ਼ਰੇ[2] ਹਕ਼ਨਗੀਂ।

---

1. ਇਸ ਦਾ ਅਰਥ ਪਿਛੇ ਲਿਖ ਆਏ ਹਾਂ, ਦੇਖੋ ਪੰਨਾ 39
2. ਤਿੱਸਅ=ਨੌਂ। ਅ਼ਸ਼ਰ=ਦਸ, (ਦਸ ਤਾਕਤਾਂ)।

89. ਰਬ ਗੁਰੂ ਕਰਤਾ ਹਰਿਰਾਇ ਜੀ ਦੀ ਬਜ਼ੁਰਗੀ ਦੀ ਸਿਫਤ ਕਰਨ ਵਾਲਾ ਹੈ, ਖਾਸ ਲੋਕ ਗੁਰੂ ਕਰਤਾ ਹਰਿਰਾਇ ਜੀ ਤੋਂ ਮੁਰਾਦਾਂ ਮੰਗ਼ਣ ਵਾਲੇ ਹਨ।

90. ਗੁਰੂ ਕਰਤਾ ਹਰਿਰਾਇ ਸਰਕਸ਼ਾਂ (ਹੰਕਾਰੀਆਂ) ਨੂੰ ਮਾਰਨ ਵਾਲੇ। ਆਜਜ਼ੀ ਕਰਨ ਵਾਲਿਆਂ (ਦਿਲੀ ਨਿੰਮ੍ਰਤਾ ਵਾਲਿਆਂ) ਦੇ ਸਹਾਇਕ ਹਨ ਗੁਰੂ ਕਰਤਾ ਹਰਿਰਾਇ।

91. ਗੁਰੂ ਕਰਤਾ ਹਰਿਰਾਇ ਜੀ ਹੱਕ ਦੇ ਪ੍ਰਬੰਧ ਵਾਲੇ ਬਾਦਸ਼ਾਹ ਹਨ, ਗੁਰੂ ਕਰਤਾ ਹਰਿਰਾਇ 'ਜੀ ਨੇ ਤਬਕਾਂ ਤੇ ਹੁਕਮ ਚਲਾਉਣ ਵਾਲੇ ਹਨ।

## ਅੱਠਵੀਂ ਪਾਤਸ਼ਾਹੀ

92. ਅੱਠਵੀਂ ਪਾਤਸ਼ਾਹੀ ਕਬੂਲ (ਪ੍ਰਵਾਣ) ਹੋਏ ਹੋਏ ਮਾਸੂਮਾਂ (ਪਵਿੱਤ੍ਰ ਪੁਰਸ਼ਾਂ) ਦਾ ਤਾਜ ਹੈ, ਤੇ (ਰੱਬ ਦੀ ਦਰਗਾਹੇ) ਪੁੱਜ ਹੋਇਆਂ ਤੇ ਕਬੂਲ ਹੋਇਆਂ ਦਾ ਸਰਦਾਰ ਹੈ।

ਉਸ ਦੀ ਪਵਿੱਤ੍ਰ ਕਰਾਮਾਤ ਜ਼ਮਾਨੇ ਤੇ ਮਸ਼ਹੂਰ ਹੈ।
ਉਸ ਦੇ ਪਵਿੱਤ੍ਰ ਵਜੂਦ ਦਾ ਨੂਰ ਰੱਬੀ ਚਾਨਣਾ ਹੈ।
ਖਾਸ ਲੋਕ ਉਸ ਤੋਂ ਕੁਰਬਾਨ ਹਨ ਤੇ ਪਵਿੱਤ੍ਰ ਲੋਕ ਉਸ ਦੀ ਦਲ੍ਹੀਜ ਤੇ ਸਿਰ ਰੱਖੇ ਹੋਏ ਹਨ।

ਉਸ ਦੀਆਂ ਉਚੀਆਂ ਸਿਫ਼ਤਾਂ ਦੀ ਤਾਰੀਫ ਕਰਨ ਵਾਲੇ, ਸੁਲਸ ਤੇ ਸੁਦਸ ਦੇ ਹਜ਼ਾਰਾਂ ਹਜ਼ਾਰ ਪ੍ਰਵਾਣ ਲੋਕ ਹਨ।

ਨੌਂ ਤੇ ਦਸ ਹਕ਼ ਦੇ ਥੇਵੇ (ਵਾਲੇ) ਉਸ ਦੀਆਂ ਬਜ਼ੁਰਗੀਆਂ ਦੀਆਂ ਮਿਹਰਾਂ ਦੇ ਦਸਤਰਖਾਨ (ਪ੍ਰਸ਼ਾਦ ਛਕਣ ਵਾਲੀ ਚੌਕੀ) ਤੋਂ ਭੋਰੇ ਚੁਣਨ ਵਾਲੇ ਬੇ ਗਿਣਤ ਹਨ।


www.sikhbookclub.com

ਹਾਏ ਨਾਮੇ ਫੱਰੁਖ਼ ਫ਼ਰਜਾਮਸ਼ ਹਜ਼ੀਮਤ ਅਫ਼ਗਨੇ ਦੇਵੇ ਆ਼ਲਮਗੀਰ,
ਵ ਰਾਏ ਰਾਸਤੀ ਨੁਮਾਇਸ਼ ਸਦਰ ਨਸ਼ੀਨੇ ਜਾਵਿਦਾਨੀ ਸਰੀਰ।

ਕਾਫ਼ੇ ਤਾਜ਼ੀਏ ਆਂ ਕੁਸ਼ਾਇੰਦਹਏ ਅਬਵਾਬੇ ਕਰਮ,
ਵ ਸ਼ੀਨੇ ਸ਼ੌਕਤ ਤਜ਼ਮੀਨਸ਼ ਸਰ ਅਫ਼ਗਨੇ ਦੇਵਾਨੇ ਦੱਯਮ।

ਨੂਨੇ ਆਖ਼ਰਸ਼ ਨੁਜ਼ਹੂਤ ਅਫ਼ਜ਼ਾਏ ਹਰ ਦਿਲੋ ਜਾਨ,
ਵ ਨਦੀਮੇ ਖਾਸ ਨਿਅ਼ਮੁ-ਲ-ਸੁਬਹਾਂ।

ਵਾਹਿਗੁਰੂ ਜੀਉ ਸੱਤਿ

93. ਗੁਰੂ ਹਰ ਕਿਸ਼ਨ ਆਂ ਹਮਹ ਫ਼ਜ਼ਲੋ ਜੂਦ,
ਹਕ਼ਸ਼ ਅਜ਼ ਹਮਹ ਖ਼ਾਸਗਾਂ ਬਰ ਸਤੂਦ।

94. ਮਿਆਨੇ ਹਕ਼ ਵ ਓ ਫ਼ਸਾਲ-ਉਲਵਰੱਕ,
ਵਜੂਦਸ਼ ਹਮਹ ਫ਼ਜ਼ਲੋ ਅਫ਼ਜ਼ਾਲੇ ਹਕ਼।

95. ਹਮਹ ਸਾਇਲੇ ਲੁਤਫ਼ੇ ਹਕ਼ ਬਰਦਰਸ਼,
ਜ਼ਮੀਨੋ ਜ਼ਮਾਂ ਜੁਮਲਹ ਫ਼ਰਮਾਂ-ਬਰਸ਼।

96. ਤੁਫ਼ੈਲਸ਼ ਦੁ-ਆ਼ਲਮ ਬਵਦ ਕਾਮਯਾਬ,
ਅਜ਼ੋ ਗਸ਼ਤਹ ਹਰ ਜ਼ੱਰਰਹ ਖ਼ੁਰਸ਼ੀਦੇ ਤਾਬ।

97. ਹਮਹ ਆ਼ਸੀਆਂ ਰਾ ਕਫ਼ੀ ਅ਼ਸਮਤਸ਼,
ਸਰਾ ਤਾ ਸਮਾ ਜੁਮਲਹ ਫਰਮਾਂ-ਬਰਸ਼।

ਉਸ ਦੇ ਪਵਿੱਤ੍ਰ ਅੰਜਾਮ ਵਾਲੇ ਨਾਮ ਦੀ 'ਹੇ' ('ਹ') ਦੁਨੀਆਂ ਦੇ ਫੜਨ ਵਾਲੇ (ਯਾ ਮਹਾਨ) ਦੇਵਾਂ ਨੂੰ ਹਰਾਉਣ ਵਾਲੀ ਹੈ। ਉਸ ਦੇ ਪਵਿੱਤ੍ਰ ਨਾਮ ਦੀ ਸਚਾਈ ਦਿਖੌਣ ਵਾਲੀ 'ਰੇ' ('ਰ') ਹਮੇਸ਼ਾਂ ਦੇ ਰਹਿਣ ਵਾਲੇ (ਅਟੱਲ) ਤਖ਼ਤ ਉੱਤੇ ਬਹਿਣ ਵਾਲੀ ਹੈ।

ਉਸ (ਦੇ ਨਾਮ) ਦਾ 'ਅਰਬੀ ਕਾਫ਼' ('ਕਿ') ਬਖਸ਼ਸ਼ਾਂ ਦੇ ਦਰਵਾਜ਼ੇ ਖੋਲ੍ਹਣ ਵਾਲਾ ਹੈ। ਤੇ ਉਸ (ਦੇ ਨਾਮ) ਦਾ ਦਬਦਬੇ ਦੇ ਪ੍ਰਬੰਧ ਵਾਲਾ 'ਸ਼ੀਨ' ('ਸ਼') ਪੌਦੂ ਦੇਵਾਂ ਦੇ ਸਿਰ ਤੋੜਨ ਵਾਲਾ (ਹੈ)।

ਤੇ ਉਸ (ਦੇ ਨਾਮ) ਦਾ ਆਖ਼ਰੀ 'ਨੂਨ' ('ਨ') ਹਰ ਦਿਲ ਤੇ ਜਾਨ ਦੀ ਤਾਜ਼ਗੀ ਵਧਾਉਣ ਵਾਲਾ ਹੈ। ਅਤੇ ਪਵਿੱਤ੍ਰ ਦਾਤੇ (ਅਰਥਾਤ ਰੱਬ ਦਾ) ਖ਼ਾਸ ਵਜ਼ੀਰ ਹੈ।

## ਅਕਾਲ ਪੁਰਖ ਸਤਜ ਹੈ।

93. ਗੁਰੂ ਹਰ ਕਿਸ਼ਨ ਉਹ ਸਮੂਹ ਬਜ਼ੁਰਗੀ ਤੇ ਬਖਸ਼ਿਸ਼ ਦਾ ਵਜੂਦ ਹੈ, ਰੱਬ ਨੇ ਜਿਸ ਨੂੰ ਸਾਰਿਆਂ ਖਾਸਾਂ (ਖ਼ਾਸ ਲੋਕਾਂ) ਤੋਂ ਸਲਾਹਿਆ ਹੋਇਆ ਹੈ।

94. ਉਸ ਦੇ ਤੇ ਰੱਬ ਦੇ ਵਿਚਾਲੇ ਫ਼ਰਕ ਕੇਵਲ ਵਰਕ ਦਾ ਹੈ, ਉਸ ਦਾ ਸਾਰਾ ਵਜੂਦ ਰੱਬ ਦੀਆਂ ਮਿਹਰਬਾਨੀਆਂ ਤੇ ਮਿਹਰਾਂ ਦਾ (ਬਣਿਆ ਹੋਇਆ) ਹੈ।

95. ਉਸ ਦੇ ਦਰ ਉੱਤੇ ਸਾਰੇ ਰੱਬੀ ਮਿਹਰਾਂ ਦੇ ਯਾਚਕ ਹਨ ਤੇ ਜ਼ਮੀਨ ਤੇ ਆਸਮਾਨ ਸਭੇ ਉਸ ਦੇ ਹੁਕਮ ਮੰਨਣ ਵਾਲੇ ਹਨ।

96. ਉਸਦੀ ਤੁਫੈਲ ਦੋਨੋਂ ਜਹਾਨ ਕਾਮਯਾਬ ਹੋ ਗਏ ਹਨ, ਤੇ ਉਸੇ ਦੀ ਤੁਫੈਲ ਹਰ ਜ਼ੱਰਰਾ ਪ੍ਰਕਾਸ਼ਮਾਨ ਸੂਰਜ ਹੋ ਗਿਆ ਹੈ।

97. ਉਸ ਦੀ ਪਵਿੱਤ੍ਰਤਾ ਸਾਰੇ ਪਾਪੀਆਂ (ਦੇ ਪਾਪਾਂ) ਨੂੰ ਪਾੜਨ ਵਾਲੀ ਹੈ ਤੇ ਪਤਾਲਾਂ ਤੋਂ ਅਕਾਸ਼ਾਂ ਤੱਕ ਸਭੇ ਉਸ ਦੇ ਹੁਕਮ ਹੇਠ ਹਨ।

## ਸਲਤਨਤੇ ਨਮਹ

98. ਸਲਤਨਤੇ ਨਹਮਸ਼ ਨੌ ਆਈਨਿ ਤਰ,
ਵ ਸਰਵਰੇ ਸਰਵਰਾਨੇ ਹੱਕ਼ ਪਰਵਰ।

ਸੁਲਤਾਨੁਲ ਦੁਨੀਆ ਵਲ-ਆਖ਼ਿਰਤ,
ਵ ਤਖ਼ਤ ਆਰਾਏਇ ਅ਼ਜ਼ਾਜ਼ਵਲ-ਮੁਫ਼ਾਖ਼ਿਰਤ।

ਬਾਵਜੂਦ ਕ਼ਦਰੇ ਕੁਦਰਤੇ ਵਾਲਾ,
ਸਰ ਨਿਹਾਦਹਏ ਤਸਲੀਮ ਵ ਰਜ਼ਾ।

ਵ ਪਿਨਹਾਂ ਸਾਜ਼ੇ ਅਜ਼ਮਤ ਵ ਅਜਾਲੇਕੁਬਰਾ।
ਅਜ਼ਮਾਇਸ਼ਗਰੇ ਇਰਾਦਤ ਗੁਜ਼ੀ ਨਾਨੇ ਬਾਸਫ਼ਾ
ਵ ਜਾਂ ਪਰਵਰੇਅ਼ਕੀ਼ਦਤ ਆਈਨਾਨੇ ਬੇਰਿਯਾ।
ਜਬਰੂਤੀਆਂ ਮੁਤਾਅ਼ ਲਾਹੂਤੀਆਂ ਇਰਤਫ਼ਾਅ਼।
ਕ਼ਾਇਮ ਬਿਲਜ਼ਾਤੇ ਹੱਕੁਲ ਕ਼ਦੀਮ।

ਵਾ ਦਾਇਮ ਨਦੀਮੇ ਸੁਬਹਾਨੁਲ-ਅ਼ਜ਼ੀਮ।
ਅਫ਼ਸਰੇ ਬਰ ਗੁਜ਼ੀਦਗਾਨੇ ਖ਼ਾਸ,

ਵ ਤਾਜੇ ਹੱਕ਼ ਪਰਵਰਾਨੇ ਹਕ਼ਕੀਤ ਇਖ਼ਤਸਾਸ।

ਤਾਏ ਨਾਮੇ ਮੈਮਨਤ ਇਲਤਿਯਾਮਸ਼ ਤਜ਼ਈਨੇ ਤਵੱਕਲ ਵ਼ ਤਸ੍ਲੀਮ।

ਵ ਯਾਏ ਫ਼ਾਰਸੀਅਸ਼ ਯਕ਼ੀਨੇ ਕਾਮਿਲੁਲਅਜ਼ੀਮ।

ਕਾਫ਼ੇ ਮੁਬਾਰਕੇ ਅ਼ਜਮੀਅਸ਼ ਕਰੀਮੁਲ-ਨਫ਼ਸੇ ਸਰਾਪਾ ਹਿਲਮ।

ਵਾ ਬਾਏ ਬਾ ਹਾਇਸ਼ ਬਜ਼ਮ ਆਰਾਏ ਹਦਾਇਤ ਵ ਇ਼ਲਮ।

## ਨਾਵੀਂ ਪਾਤਸ਼ਾਹੀ

98. ਨਾਵੀਂ ਬਾਦਸ਼ਾਹੀ ਉਸ ਦੀ ਬਹੁਤ ਨਵੀਨ ਰਸਮ ਵਾਲੀ, ਤੇ ਹੱਕ ਪਾਲਣ ਵਾਲੇ ਸਰਦਾਰਾਂ ਦੀ ਸਰਦਾਰ।

ਦੁਨੀਆਂ ਤੇ ਆਖ਼ਰਤ (ਅੰਤ) ਦਾ ਬਾਦਸ਼ਾਹ, ਕਰਾਮਾਤਾਂ ਤੇ ਵਡਿਆਈਆਂ ਦਾ ਤਖ਼ਤ ਸਜਾਉਣ ਵਾਲਾ।

ਮਹਾਨ ਤਾਕਤ ਦੇ ਹੁੰਦਿਆਂ ਸੁੰਦਿਆਂ ਰੱਬ ਦੀ ਰਜ਼ਾ ਅੱਗੇ ਸਿਰ ਨਿਵਾਉਣ ਵਾਲਾ। ਅਤੇ (ਆਪਣੀ) ਵੱਡੀ ਬਜ਼ੁਰਗੀ ਤੇ ਵੱਡੀ ਅਜ਼ਮਤ ਨੂੰ ਲੁਕਾਉਣ ਵਾਲਾ।

ਸਫਾਈ ਵਾਲੇ ਸਿੱਖਾਂ ਨੂੰ ਅਜ਼ਮਾਉਣ ਵਾਲਾ। ਤੇ ਨਿਰਲੋਭ ਨਿਸਚਾ ਰੱਖਣ ਵਾਲਿਆਂ (ਸਿੱਖਾਂ) ਦੀ ਜਾਨ ਨੂੰ ਪਾਲਣ ਵਾਲਾ। ਵਡੇ ਦਰਜੇ ਦੇ ਦੇਵਤਿਆਂ ਦਾ ਸਰਦਾਰ ਤੇ ਰੱਬ ਵਾਲਿਆਂ ਦਾ ਉੱਚਾ।

ਕਦੀਮੀ ਰੱਬ ਦੀ ਜ਼ਾਤ ਨਾਲ ਕਾਇਮ।
ਤੇ ਪਵਿੱਤ੍ਰ ਤੇ ਮਹਾਨ ਰੱਬ ਦਾ ਹਮੇਸ਼ਗੀ ਦਾ ਸਲਾਹਕਾਰ (ਵਜ਼ੀਰ)।

ਚੁਣੇ ਹੋਏ ਖਾਸ ਲੋਕਾਂ ਦਾ ਸਰਦਾਰ, ਤੇ ਹਕੀਕਤ ਦੀ ਖਾਸੀਅਤ ਵਾਲਿਆਂ ਦਾ ਸਿਰਤਾਜ।

ਉਸ ਦੇ ਨਾਮ ਦੀ ਮੁਬਾਰਕ 'ਤੇ' ('ਤ') ਰੱਬੀ ਭਰੋਸੇ ਤੇ ਤਸਲੀਮ (ਭਾਣਾ ਮੰਨਣ) ਨੂੰ ਸਜਾਉਣ ਵਾਲੀ ਹੈ।

ਤੇ (ਉਸ ਦੇ ਨਾਮ ਦੀ) 'ਯੇ' ('ੇ') ਪੂਰਾ ਵੱਡਾ ਯਕੀਨ ਨਿਸਚਾ।

ਉਸ (ਦੇ ਨਾਮ) ਦਾ ਮੁਬਾਰਕ 'ਕਾਫ਼ ਫਾਰਸੀ' (ਗਾਫ਼) ('ਗ') ਬਖਸ਼ਿੰਦ ਸਿਰ ਤੋਂ ਪੈਰਾਂ ਤਕ ਹਲੀਮ (ਸਹਿਨ ਸ਼ੀਲਤਾ ਵਾਲਾ)।

ਉਸ (ਦੇ ਨਾਮ) ਦੀ 'ਬੇ' 'ਹੇ' ('ਬਹ') ਨਾਲ ਮਿਲੀ ਹੋਈ ਇਲਮ ਤੇ ਸਿੱਖਜਾ ਦੀ ਸਭਾ ਨੂੰ ਸਜਾਉਣ ਵਾਲੀ।

 www.sikhbookclub.com

ਅਲਫ਼ੇ ਹੱਕ ਮੂਲਫ਼ਸ਼ ਆਰਾਇਸ਼ੇ ਹੱਕ਼ ਈਕਾਨ।

ਵ ਦਾਲੇ ਏਜ਼ਦੀ ਜਮਾਲਸ਼ ਦਾਵਰੇ ਕੌਨ ਵ ਮਕਾਂ।

ਰਾਏ ਆਖ਼ਰਸ਼ ਰਮਜ਼ ਸ਼ਨਾਸੇ ਰਾਹੇ ਤਰੀਕ਼ਤ,
ਵ ਹੱਕ ਅਸਾਸੇ ਵਾਲਾ ਹਕ਼ੀਕ਼ਤ।

ਵਾਹਿਗੁਰੂ ਜੀਉ ਸੱਤਿ

99. ਗੁਰੂ ਤੇਗ਼ ਬਹਾਦਰ ਆਂ ਸਰਾ-ਪਾ ਅਫ਼ਜ਼ਾਲ,
ਜ਼ੀਨਤ ਆਰਾਏ ਮਹਿਫ਼ਲੇ ਜਾਹੋ ਜਲਾਲ।

100. ਅਨਵਾਰੇ ਹੱਕ਼ ਅਜ਼ ਵਜੂਦੇ ਪਾਕਸ਼ ਰੌਸ਼ਨ,
ਹਰ ਦੋ ਆ਼ਲਮ ਜ਼ਿ ਫ਼ੈਜ਼ੇ ਫ਼ਜ਼ਲਸ਼ ਰੌਸ਼ਨ।

101. ਹਕ਼ ਅਜ਼ ਹਮਹ ਬਰ-ਗੁਜ਼ੀਦ-ਗਾਂ ਬਿਗੁਜ਼ੀਦਸ਼,
ਤਸਲੀਮੋ ਰਜ਼ਾ ਰਾ ਨਿਕੋਸੰਜੀਦਸ਼।

102. ਬਰ ਹਰ ਮੁਕ਼ਬਿਲੇ ਕਬੂਲੇ ਖ਼ੁਦ ਅਫ਼ਜ਼ੂਦਸ਼,
ਮਸਜੂਦੁਲ ਆ਼ਲਮੀਨ ਫ਼ਜ਼ਲੇ ਖ਼ੁਦ ਫ਼ਰਮੂਦਸ਼।

103. ਦਸਤੇ ਹਮਗਾਂ ਬਜ਼ੈਲੇ ਇਕ਼ਬਾਲੇ ਊ,
ਬਰਤਰ ਅਨਵਾਰੇ ਇ਼ਲਮ ਹੱਕ਼ ਕ਼ਾਲੇ ਊ।

ਸਲਤਨਤੇ ਦਹਮ

104. ਸਲਤਨਤੇ ਦਹਮਸ਼ ਦਸਤ ਪੇਚੇ ਦੇਵਾਨੇ ਦੌਰਗੀਰ,
ਵ ਜ਼ੇਬੋ ਆਰਾਇਸ਼ੇ ਜਾਵਿਦਾਨੀ ਸਰੀਰ।

 www.sikhbookclub.com

ਉਸ (ਦੇ ਨਾਮ) ਦਾ ਰੱਬੀ ਲੁਤਫ਼ਾਂ ਵਾਲਾ 'ਅਲਫ' ('ਾ') ਹੱਕ਼ ਤੇ ਨਿਸਚੇ ਦਾ ਸੁਹਣਪ ਹੈ।

ਤੇ ਉਸ (ਦੇ ਨਾਮ) ਦੀ ਰੱਬੀ ਦਰਸ਼ਨ ਵਾਲੀ 'ਦਾਲ' ('ਦ') ਹਾਕਮ ਹੈ ਦੋ ਜਹਾਨਾਂ ਦੀ।

ਉਸ (ਦੇ ਨਾਮ) ਦੀ ਅਖ਼ੀਰਲੀ 'ਰੇ' ('ਰ') ਤ੍ਰੀਕਤ ਦੇ ਰਸਤੇ ਦੀ ਰਮਜ਼ ਪਛਾਨਣ ਵਾਲੀ, ਤੇ ਉਚੀ ਹਕੀਕਤ ਦੀ ਸਚੀ ਨੀਂਹ ਹੈ।

## ਅਕਾਲ ਪੁਰਖ ਸਤਜ ਹੈ।

99. ਗੁਰੂ ਤੇਗ ਬਹਾਦਰ ਸਿਰ ਤੋਂ ਪੈਰਾਂ ਤੱਕ ਮਿਹਰ ਪੁੰਜ, ਦਬਦਬੇ ਤੇ ਜਲਾਲ ਦੀ ਸਭਾ ਨੂੰ ਸਜਾਉਣ ਵਾਲਾ ਹੈ।

100. ਹੱਕ ਦੇ ਨੂਰ ਉਸ ਦੇ ਪਵਿੱਤ੍ਰ ਵਜੂਦ ਤੋਂ ਰੌਸ਼ਨ ਹਨ, ਦੋਵੇਂ ਜਹਾਨ ਉਸ ਦੀਆਂ ਮਿਹਰਾਂ ਦੇ ਫੈਜ਼ ਨਾਲ ਰੌਸ਼ਨ ਹਨ।

101. ਰੱਬ ਨੇ ਸਮੂਹ ਚੁਣਿਆਂ ਹੋਇਆਂ ਵਿਚੋਂ ਉਸ ਨੂੰ ਚੁਣਿਆ, ਤੇ ਉਸ ਦੀ ਸਹਿਨ ਸ਼ੀਲਤਾ ਤੇ ਭਾਣਾ ਮੰਨਣ ਨੂੰ (ਸਭ ਤੋਂ) ਸ਼੍ਰੋਮਣੀ ਮੰਨਿਆ।

102. (ਰੱਬ ਨੇ) ਆਪਣੇ ਕਬੂਲੇ ਹੋਇਆਂ (ਪ੍ਰਵਾਣ ਗਣਿਆ) ਵਿਚੋਂ ਉਸ ਨੂੰ ਵੱਡਾ ਕੀਤਾ, ਤੇ ਆਪਣੀ ਕ੍ਰਿਪਾਲਤਾ ਨਾਲ ਉਸ (ਗੁਰੂ ਤੇਗ ਬਹਾਦਰ) ਨੂੰ ਦੋ ਜਹਾਨਾਂ ਦਾ ਮਸਜੂਦ (ਜਿਸ ਅਗੇ ਸਿਜਦਾ ਕੀਤਾ ਜਾਵੇ), ਫੁਰਮਾਇਆ।

103. ਉਸ ਦੇ ਪ੍ਰਤਾਪ ਦੇ ਪੱਲੇ ਨਾਲ ਸਭ ਲੋਕਾਂ ਦਾ ਹੱਥ ਹੈ (ਭਾਵ ਸਭ ਲੋਕ ਉਸਦੇ ਇਕਬਾਲ ਤੋਂ ਆਸਵੰਦ ਹਨ), ਉਸਦੀ ਰੱਬੀ ਬਾਣੀ (ਸਾਰੀਆਂ) ਵਿਦਜਾ ਦੇ ਨੂਰਾਂ ਤੋਂ ਵਧਕੇ ਹੈ।

## ਦਸਵੀਂ ਪਾਤਸ਼ਾਹੀ

104. ਉਸ ਦੀ ਦਸਵੀਂ ਪਾਤਸ਼ਾਹੀ ਜ਼ਮਾਨੇ ਨੂੰ ਫੜਨ ਵਾਲੇ ਦੇਵਾਂ ਦਾ ਪੰਜਾਂ ਮਰੋੜਨ ਵਾਲੀ, ਤੇ ਹਮੇਸ਼ਗੀ ਦੇ (ਅਟੱਲ) ਤਖਤ ਨੂੰ ਸਜਾਉਣ ਵਾਲੀ ਹੈ।

 www.sikhbookclub.com

ਜਲਵਹ ਆਰਾਏ ਆਂ ਨੂਹ ਮਸ਼ਅ਼ਲੇ ਹੱਕ ਫ਼ਰੋਗ਼,
ਵ ਜ਼ੁਲਮਤ ਜ਼ਦਾਏ ਸ਼ਬੇ ਕਜ਼ਬ ਵ ਦਰੋਗ਼।

ਸੁਲਤਾਨਉਲ ਅੱਵਲ ਵਲ-ਆਖ਼ਰ,
ਵ ਬਾਸਰ ਉਲ ਬਾਤਿਨ ਵੱਲਜ਼ਾਹਰ।

ਮੁਸ਼ਤਹਿਰ ਸਾਜ਼ੇ ਕੁਦਸੀ ਇਅ਼ਜਾਜ਼,
ਵ ਅਜ਼ ਹਰ ਤਾਅ਼ਤ ਵ ਖ਼ਿਦਮਤ ਬੇਨਿਆਜ਼।

ਸ਼ੇਰਾਨੇ ਅਫ਼ਵਾਜੇ ਮਨਸੂਰਹ-ਅਸ਼ ਯੱਕਾ ਤਾਜ਼।
ਵ ਲਿਆਏ ਆ਼ਲਮ ਕੁਸ਼ਾਇਸ਼ਨੁਸਰਤਤਰਾਜ਼।

ਕਾਫ਼ੇ ਫਾਰਸੀ ਅਜ਼ ਨਾਮੇ ਹੱਕ਼ ਇਖ਼ਤਤਾਮਸ਼ ਗੋਤੀ ਸਿਤਾਂ।
ਵ ਵਾਵੇ ਬਾਦੀ ਵਾਸਤਾਏ ਕ਼ਿਆ਼ਮੇ ਜ਼ਮੀਨੋ ਜ਼ਮਾਂ।

ਬਾਏ ਅਬਦ ਬਕ਼ਾਇਸ ਬਖਸ਼ਿੰਦਹਏ ਪਨਾਹਿੰਦਗਾਂ,
ਵ ਸ਼ਮੀਮੇ ਨੂਨੇ ਹਮਾਯੂਨਸ਼ ਨਵਾਜ਼ਿੰਦਹਏ ਪ੍ਰਸਤੰਦਗਾਂ।

ਦਾਲੇ ਸਰਾ-ਪਾ ਅ਼ਜ਼ਮਤ ਵ ਇਜਲਾਲਸ਼ ਦਾਮ ਗੁਸਲੇ ਮਰਗ।
ਵ ਸੀਨੇ ਸਰਾਪਾ ਵਾਲਾ ਤਮਕੀਨਸ਼ ਸਰਮਾਇ ਆਏ ਹਰ ਸਾਜ਼
ਵ ਬਰਗ।

ਬੂਏ ਨੂਨੇ ਦਾਇਮਾ ਨਦੀਮੇ ਸੁਬਹਾਨੀ।
ਵ ਸਾਨੀ ਕਾਫੇ ਅ਼ਜਮੀਜਸ਼ ਜਾਂਗੁਜ਼ਾਏ ਬਾਦੀਆ ਪੈਮਾਯਾਂਨੇ
ਬੇਫ਼ੁਰਮਾਨੀ।

ਹੱਕ ਨੂੰ ਵਧਾਉਣ ਵਾਲੀਆਂ ਉਨ੍ਹਾਂ ਨੌਂ ਮਿਸ਼ਾਲਾਂ (ਨੌਂ ਪਾਤਸ਼ਾਹੀਆਂ) ਨੂੰ ਚਮਕਾਉਣ ਵਾਲੀ ਹੈ। ਝੂਠ ਤੇ ਪਖੰਡ ਦੀ ਰਾਤ ਦੇ ਹਨੇਰੇ ਨੂੰ ਦੂਰ ਕਰਨ ਵਾਲੀ ਹੈ।

ਆਦਿ ਤੇ ਅੰਤ ਦਾ ਬਾਦਸ਼ਾਹ, ਗੁਪਤ ਤੇ ਪ੍ਰਗਟ ਦਾ ਦੇਖਣ ਵਾਲਾ (ਅੰਤਰਯਾਮੀ) ਹੈ।

ਪਵਿੱਤ੍ਰ ਕਰਾਮਾਤਾਂ ਨੂੰ ਜ਼ਾਹਰ ਕਰਨ ਵਾਲਾ। ਅਤੇ ਹਰ ਤਾਬਿਆਦਾਰੀ ਤੇ ਸੇਵਾ ਤੋਂ ਨਿਰਇੱਛਕ (ਅਰਥਾਤ ਚਾਹ ਯਾ ਲੋੜ ਨਾ ਰੱਖਣ ਵਾਲਾ),

ਉਸ ਦੀ ਫਤੇਮੰਦ ਫੌਜ ਦੇ ਸ਼ੇਰ (ਸਿੰਘ) ਆਪਣੇ ਜਿਹੇ ਆਪ ਹੀ ਹਨ, (ਅਰਥਾਤ ਉਨਾਂ ਜਿਹਾ ਬਹਾਦਰ ਹੋਰ ਕੋਈ ਨਹੀਂ)। ਤੇ ਉਸ ਦਾ ਜਹਾਨ ਨੂੰ ਜਿੱਤਣ ਵਾਲਾ ਝੰਡਾ ਵਿਜੈ ਨੂੰ ਸਜਾਉਣ ਵਾਲਾ ਹੈ।

ਉਸ ਦੇ ਸੱਚ ਨੂੰ ਸੰਪੂਰਣ (ਮੁਕੰਮਲ) ਕਰਨ ਵਾਲੇ ਨਾਮ ਦਾ 'ਕਾਫ ਫ਼ਾਰਸੀ' (ਗਾਫ਼) ('ਗ') ਜਹਾਨ ਦੀ ਚੌਖਟ ਹੈ। ਤੇ (ਉਸ ਦੇ ਨਾਮ ਦੀ) ਪਹਿਲੀ 'ਵ' ('-') ਜ਼ਮੀਨ ਆਸਮਾਨ ਦੀ ਕਾਇਮੀ ਦਾ ਵਾਸਤਾ (ਜ਼ਰੀਆ) ਹੈ।

ਤੇ ਉਸ ਦੇ ਨਾਮ ਦੀ ਸਦਾ ਬਾਕੀ ਰਹਿਣ ਵਾਲੀ 'ਬੇ' ('ਬਿ') ਸ਼ਰਨਾਗਤਾਂ ਨੂੰ ਬਖ਼ਸ਼ਣ ਵਾਲੀ ਹੈ। ਤੇ ਉਸ ਦੇ (ਨਾਮ ਦੀ) ਮੁਬਾਰਕ 'ਨੂਨ' ('ⁿ')ਦੀ ਖ਼ੁਸ਼ਬੂ ਦਾਸਾਂ (ਸਿੱਖਾਂ) ਦੇ ਵਡਿਆਉਣ ਵਾਲੀ ਹੈ।

ਤੇ ਉਸ (ਦੇ ਨਾਮ) ਦੀ ਸਿਰ ਤੋਂ ਪੈਰਾਂ ਤਕ ਬਜ਼ੁਰਗੀ ਤੇ ਦਬਦਬੇ ਵਾਲੀ 'ਦਾਲ' ('ਦ') ਦੀ ਮੌਤ ਦੀ ਫਾਹੀ ਨੂੰ ਤੋੜਨ ਵਾਲੀ ਹੈ। ਤੇ ਉਸ (ਦੇ ਨਾਮ) ਦੀ ਸਿਰ ਤੋਂ ਪੈਰਾਂ ਤਕ ਵੱਡੇ ਮਰਤਬੇ ਵਾਲਾ 'ਸੀਨ' ਹਰ ਸਾਜ਼ੋ-ਸਮਾਨ (ਦੁਨੀਆਂ) ਦੀ ਪੂੰਜੀ ਹੈ।

'ਨੂਨ' ਦੀ ਖ਼ੁਸ਼ਬੋ ਰੱਬ ਪਵਿੱਤ੍ਰ ਦੀ ਸਦੈਵੀ ਵਜ਼ੀਰ। ਉਸ (ਦੇ ਨਾਮ) ਦਾ ਦੂਜਾ 'ਫ਼ਾਰਸੀ ਕਾਫ' (ਗਾਫ) ਬੇ-ਫੁਰਮਾਨੀ (ਅੜਮੰਨਤਾ ਦੇ) ਜੰਗਲ ਮਿਣਨ ਵਾਲਿਆਂ ਦੀ ਜਾਨ ਕੱਢਣ ਵਾਲਾ। (ਅੜਮੰਨਾਂ ਨੂੰ ਸਿੱਧਾ ਕਰਨ ਵਾਲਾ)।

ਹਾਏ ਆਖ਼ਰੀਨ ਬਾਦੀ ਹਾਦੀਉਲਕੋਨੈਨੇ ਬਰਹੱਕ਼।
ਵ ਕੋਸੇ ਹਦਾਯਤ ਵ ਇਰਸ਼ਾਦਸ਼ ਬਰ ਨੁਹ ਤਬਕ਼।

ਸਦ ਹਜ਼ਾਰਾਂ ਸੁਲਸ ਵਸੁਦਸ ਖ਼ਿਦਮਤ ਗੁਜ਼ੀਂ,
ਵ ਸਦ ਹਜ਼ਾਰਾਂ ਰੁਬਅ਼ ਵ ਤਿਸਅ਼ ਖ਼ਾਕ ਨਸ਼ੀਂ।

ਸਦ ਹਜ਼ਾਰਾਂ ਅ਼ਸ਼ਰ ਵ ਸੁਲਸ ਵ ਸੁਲ ਸੂਨ ਸਤਾਇੰਦਹਏ ਬਾਰਗ਼ਾਹਸ਼।

ਸਦ ਹਜ਼ਾਰਾਂ ਈਸ਼ਰ ਵ ਬ੍ਰਹਮਾਂ ਵ ਅ਼ਰਸ਼ ਵ ਕੁਰਸੀ ਖ਼ਾਹਿੰਦਹਏ ਪਨਾਹਸ਼।

ਵ ਸਦ ਹਜ਼ਾਰਾਂ ਆਸਮਾਨ ਵ ਜ਼ਮੀਨ ਹਲਕਹ ਬਗੋਸ਼ੇ ਆਂਨਸਤ।
ਵ ਸਦ ਹਜ਼ਾਰਾਂ ਆਫ਼ਤਾਬ ਵ ਮਾਹ ਖ਼ਿਲਅ਼ਤ ਪੋਸ਼ੇ ਆਂ।

ਸਦ ਹਜ਼ਾਰਾਂ ਅਰਸ਼ ਵ ਕੁਰਸੀ ਦਾਗ਼ਦਾਰ ਵ ਗ਼ੁਲਾਮੇ ਨਾਮਸ਼।
ਵ ਸਦ ਹਜ਼ਾਰਾਂ ਰਾਮ ਵ ਰਾਜਾ ਵ ਕਾਨ੍ਹ ਵ ਕਿਸ਼ਨ ਖ਼ਾਕ ਬੋਸੇ ਅਕ਼ਦਾਮਸ਼।

ਸਦ ਹਜ਼ਾਰਾਂ ਮੁਕ਼ਬਲੇ ਖ਼ਾਸੇ ਹਮਦੀਯਤ ਸਤਾਇਸ਼ਗਰਸ਼।
ਵ ਸਦ ਹਜ਼ਾਰਾਂ ਨਦੀਮ ਬਾਰਗਾਹੇ ਅਹਿਦੀਯਤ ਚਾਕਰੇ ਫ਼ਰਮਾਂ-ਬਰਸ਼।

ਵ ਸਦ ਹਜ਼ਾਰਾਂ ਇੰਦਰ ਵ ਮਾਰੇ ਹਜ਼ਾਰ ਜ਼ੁਬਾ
ਸਦ ਹਜ਼ਾਰਾ ਈਸ਼ਰ ਵ ਬ੍ਰਹਮਾਂ ਅਕ਼ੀਦਤ ਪਯੋਹਸ਼।

ਵ ਸਦ ਹਜ਼ਾਰਾਂ ਉੱਮੇ ਕ਼ਦਸੀ ਦਰ ਖ਼ਿਦਮਤਸ਼।
ਵ ਸਦ ਹਜ਼ਾਰਾਂ ਕ਼ਦਰ ਵ ਕੁਦਰਤ ਪਜ਼ੀਰਸ਼ਗਰੇ ਤਾਅ਼ਤਸ਼।

ਉਸ (ਦੇ ਨਾਮ) ਦੀ ਅਖ਼ੀਰਲੀ 'ਹੇ' ਦੋ ਜਹਾਨਾਂ ਦੇ ਹਾਦੀ ਦੀ ਸੱਚੀ ਸਿੱਖਜਾ ਦੇਣ ਵਾਲੀ ('ਸਿੰਘ' ਦਾ ਅਰਥ)। ਤੇ ਉਸ ਦੀਆਂ ਸਿਖਜਾ ਤੇ ਹੁਕਮਾਂ ਦਾ ਡੰਕਾ ਨੌ ਤਬਕਾਂ (ਬ੍ਰਹਮੰਡਾਂ) ਤੇ।

ਲੱਖਾਂ ਸੁਲਸ (ਦੇਵ ਤ੍ਰਿਕੜੀ) ਤੇ ਸੁਦਸ (ਖਟ ਸ਼ਾਸਤ੍ਰ) (ਉਸ ਦੀ) ਸੇਵਾ ਗ੍ਰੈਹਣ ਕਰਨ ਵਾਲੇ। ਤੇ ਲੱਖਾਂ ਰੁਬਅ (ਚਾਰ ਵੇਦ) ਤੇ ਤਿਸਅ (ਨੌਂ ਅਸਮਾਨ ਯਾ ਨੌਂ ਖੰਡ) ਭੋਏਂ ਪਰ (ਅਤਿ ਅਧੀਨਗੀ ਨਾਲ) ਬੈਠਣ ਵਾਲੇ।

ਲੱਖਾਂ ਅਸ਼ਰ (ਦਸ ਅਕਲਾਂ) ਤੇ ਸੁਲਸ (ਤਿੰਨ ਦੇਵਤੇ) ਤੇ ਤੀਹ (ਫ਼ਰਿਸਤੇ) ਉਸ ਦੇ ਦਰਬਾਰ ਦੇ ਸਲਾਹੁਣ ਵਾਲੇ।

ਲੱਖਾਂ ਈਸ਼ਰ (ਸ਼ਿਵ) ਤੇ ਬ੍ਰਹਮਾਂ ਤੇ ਅਰਸ਼ੀ ਤੇ ਕੁਰਸੀ ਉਸ ਦੀ ਪਨਾਹ ਚਾਹੁਣ ਵਾਲੇ।

ਅਰ ਲੱਖਾਂ ਆਸਮਾਨ ਤੇ ਜ਼ਮੀਨ ਉਸ ਦੇ ਦਾਸ ਹਨ। ਤੇ ਲੱਖਾਂ ਸੂਰਜ ਤੇ ਚੰਦ ਉਸ ਤੋਂ ਸਿਰੋਪਾਉ ਪਾਉਣ ਵਾਲੇ ਹਨ।

ਲੱਖਾਂ ਅਰਸ਼ ਤੇ ਕੁਰਸ਼ੀ ਉਸ ਦੇ ਨਾਉਂ ਦੇ ਦਾਗ਼ੇ ਹੋਏ (ਨਿਸ਼ਾਨ ਲਾਏ ਹੋਏ) ਦਾਸ ਹਨ। ਤੇ ਲੱਖਾਂ ਰਾਮ ਤੇ ਰਾਜੇ ਤੇ ਕਾਨ੍ਹ ਤੇ ਕ੍ਰਿਸ਼ਨ ਉਸ ਦੇ ਚਰਨਾਂ ਦੀ ਧੂੜੀ ਚੁੰਮਣ ਵਾਲੇ ਹਨ।

ਲੱਖਾਂ ਕਬੂਲ ਹੋਏ ਹੋਏ ਤੇ ਖ਼ਾਸ ਸਲਾਹੇ ਹੋਏ, ਉਸ ਦੀ ਸਿਫ਼ਤ-ਸਲਾਹ ਕਰਨ ਵਾਲੇ ਹਨ। ਰੱਬ ਦੀ ਦਰਗਾਹ ਦੇ ਲੱਖਾਂ ਮੁਸਾਹਿਬ ਉਸ ਦੇ ਹੁਕਮ ਮੰਨਣ ਵਾਲੇ ਚਾਕਰ ਹਨ।

ਲੱਖਾਂ ਇੰਦਰ ਤੇ ਹਜ਼ਾਰ ਜ਼ਬਾਨਾਂ ਵਾਲੇ ਸੱਪ (ਸ਼ੇਸ਼ਨਾਗ) ਉਸ ਦੀ ਸਿਫ਼ਤ ਕਰਨ ਵਾਲੇ ਹਨ। ਲੱਖਾਂ ਈਸ਼ਰ (ਸ਼ਿਵ) ਤੇ ਬ੍ਰਹਮਾਂ ਉਸ ਦਾ ਨਿਸ਼ਚਾ ਢੂੰਡਣ ਵਾਲੇ ਹਨ।

ਲੱਖਾਂ ਪਵਿੱਤ੍ਰ ਮਾਵਾਂ (ਦੇਵੀਆਂ) ਉਸ ਦੀ ਟਹਿਲ ਵਿਚ ਹਨ। ਲੱਖਾਂ ਕਦਰ ਤੇ ਕੁਦਰਤ ਉਸ ਦੀ ਤਾਬਿਆਦਾਰੀ ਕਬੂਲ ਕਰਨ ਵਾਲੇ।

## ਵਾਹਿਗੁਰੂ ਜੀਉ ਸੱਤਿ

105. ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ,
ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ।

106. ਹੱਕ਼ ਰਾ ਗੰਜ਼ੂਰ ਗੁਰੂ ਗੋਬਿੰਦ ਸਿੰਘ,
ਜੁਮਲਹ ਫ਼ੈਜ਼ੇ ਨੂਰ ਗੁਰ ਗੋਬਿੰਦ ਸਿੰਘ।

107. ਹੱਕ਼ ਹੱਕ਼ ਆਗਾਹ ਗੁਰੂ ਗੋਬਿੰਦ ਸਿੰਘ,
ਸ਼ਾਹੇ ਸ਼ਾਹਨਸ਼ਾਹ ਗੁਰ ਗੋਬਿੰਦ ਸਿੰਘ।

108. ਬਰ ਦੋ ਆ਼ਲਮ ਸ਼ਾਹ ਗੁਰ ਗੋਬਿੰਦ ਸਿੰਘ,
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ।

109. ਫਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ,
ਕਾਸ਼ਫ਼ਉਲ ਅਸਰਾਰ ਗੁਰ ਗੋਬਿੰਦ ਸਿੰਘ।

### ਤੌਸੀਫ਼ ਗੋਯਸ਼

110. ਆ਼ਲਮਉਲ ਅਸਤਾਰ ਗੁਰ ਗੋਬਿੰਦ ਸਿੰਘ,
ਅਬਰੇ ਰਹਿਮਤ ਬਾਰ ਗੁਰ ਗੋਬਿੰਦ ਸਿੰਘ।

111. ਮੁਕ਼ਬਲੋ ਮਕ਼ਬੂਲ ਗੁਰ ਗੋਬਿੰਦ ਸਿੰਘ,
ਵਾਸਲੋ ਮੌਸੂਲ ਗੁਰ ਗੋਬਿੰਦ ਸਿੰਘ।

112. ਜਾਂ ਫ਼ਰੋਜ਼ੇ ਦਹਿਰ ਗੁਰ ਗੋਬਿੰਦ ਸਿੰਘ,
ਫ਼ੈਜ਼ੇ ਹਕ਼ ਰਾ ਬਹਿਰ ਗੁਰ ਗੋਬਿੰਦ ਸਿੰਘ।

113. ਹੱਕ਼ ਰਾ ਮਹਿਬੂਬ ਗੁਰ ਗੋਬਿੰਦ ਸਿੰਘ,
ਤਾਲਿਬੋ ਮਤਲੂਬ ਗੁਰ ਗੋਬਿੰਦ ਸਿੰਘ।

 www.sikhbookclub.com

## ਅਕਾਲ ਪੁਰਖ ਸੱਤਜ ਹੈ।

105. ਸਹਾਇਕ ਤੇ ਵਿਜਈ ਹੈ ਗੁਰੂ ਗੋਬਿੰਦ ਸਿੰਘ, ਰੱਬ ਦਾ ਮਨਜ਼ੂਰ (ਪ੍ਰਵਾਨਿਤ) ਹੈ ਗੁਰੂ ਗੋਬਿੰਦ ਸਿੰਘ।

ਅਕਾਲ ਪੁਰਖ ਸੱਤਜ ਹੈ।

106. ਰੱਬ ਦਾ ਖ਼ਜ਼ਾਨਚੀ ਹੈ ਗੁਰੂ ਗੋਬਿੰਦ ਸਿੰਘ, ਸਾਰੇ ਫੈਜ਼ਾਂ (ਮਿਹਰਾਂ) ਦਾ ਨੂਰ ਹੈ ਗੁਰੂ ਗੋਬਿੰਦ ਸਿੰਘ।

107. ਸੱਚੀ ਗੱਲ ਤਾਂ ਇਹ ਹੈ ਕਿ ਰੱਬ ਦਾ ਵਾਕਫ਼ ਹੈ ਗੁਰੂ ਗੋਬਿੰਦ ਸਿੰਘ, ਸ਼ਹਿਨਸ਼ਾਹਾਂ ਦਾ ਬੀ ਬਾਦਸ਼ਾਹ ਹੈ ਗੁਰੂ ਗੋਬਿੰਦ ਸਿੰਘ।

108. ਦੋਹਾਂ ਜਹਾਨਾਂ ਪਰ ਬਾਦਸ਼ਾਹ ਹੈ ਗੁਰੂ ਗੋਬਿੰਦ ਸਿੰਘ, ਦੁਸ਼ਮਨ ਦੀ ਜਾਨ ਮੁਕਾਉਣ ਵਾਲਾ ਹੈ ਗੁਰੂ ਗੋਬਿੰਦ ਸਿੰਘ।

109. ਨੂਰਾਂ ਦਾ ਫ਼ੈਜ਼ ਦੇਣ ਵਾਲਾ ਗੁਰੂ ਗੋਬਿੰਦ ਸਿੰਘ, ਗੁਪਤ ਭੇਤਾਂ ਦੇ ਖੋਲ੍ਹਣ ਵਾਲਾ ਹੈ ਗੁਰੂ ਗੋਬਿੰਦ ਸਿੰਘ।

## ਤੌਸੀਫ਼ ਰੋਯਸ਼

110. ਗੁਪਤ ਗੱਲਾਂ ਦਾ ਜਾਨਣ ਵਾਲਾ ਹੈ ਗੁਰੂ ਗੋਬਿੰਦ ਸਿੰਘ, ਕ੍ਰਿਪਾਲਤਾ ਵਰਸਾਉਣ ਵਾਲਾ ਹੈ ਗੁਰੂ ਗੋਬਿੰਦ ਸਿੰਘ।

111. ਕਬੂਲ ਹੋਣ ਵਾਲਾ ਤੇ ਕਬੂਲ ਹੋਇਆ ਹੋਇਆ ਹੈ ਗੁਰੂ ਗੋਬਿੰਦ ਸਿੰਘ, (ਰੱਬ ਤੱਕ) ਪਹੁੰਚਣ ਵਾਲਾ ਤੇ ਪਹੁੰਚਿਆ ਹੋਇਆ ਹੈ ਗੁਰੂ ਗੋਬਿੰਦ ਸਿੰਘ।

112. ਜਾਨ ਚਮਕਾਉਣ ਵਾਲਾ ਜ਼ਮਾਨਾ ਹੈ ਗੁਰੂ ਗੋਬਿੰਦ ਸਿੰਘ, ਰੱਬੀ ਫੈਜ਼ ਦਾ ਸਮੁੰਦ੍ਰ ਹੈ ਗੁਰੂ ਗੋਬਿੰਦ ਸਿੰਘ।

113. ਰੱਬ ਦਾ ਪਜਾਰਾ ਹੈ ਗੁਰੂ ਗੋਬਿੰਦ ਸਿੰਘ, ਤਲਬ ਕਰਨ ਵਾਲਾ ਤੇ ਤਲਬ ਕੀਤਾ ਗਿਆ (ਅਤੀ ਲੋੜੀਂਦਾ ਤੇ ਲੋੜਿਆ ਗਿਆ) ਹੈ ਗੁਰੂ ਗੋਬਿੰਦ ਸਿੰਘ।

 www.sikhbookclub.com

114. ਤੇਗ਼ ਰਾ ਫ਼ੱਤਾਹ ਗੁਰ ਗੋਬਿੰਦ ਸਿੰਘ,
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ।

115. ਸਾਹਿਬੇ ਅਕਲੀਲ ਗੁਰ ਗੋਬਿੰਦ ਸਿੰਘ,
ਜ਼ਿੱਲੇ ਹੱਕ਼ ਤਜ਼ਲੀਲ ਗੁਰ ਗੋਬਿੰਦ ਸਿੰਘ।

116. ਖ਼ਾਜ਼ਨੇ ਹਰ ਰੀਜ ਗੁਰ ਗੋਬਿੰਦ ਸਿੰਘ।
ਮਰਹਮੇ ਹਰ ਰੰਜ ਗੁਰ ਗੋਬਿੰਦ ਸਿੰਘ।

117. ਦਾਵਰੇ ਆਫ਼ਾਕ ਗੁਰ ਗੋਬਿੰਦ ਸਿੰਘ,
ਦਰ ਦੋ ਆਲਮ ਤਾਕ਼ ਗੁਰ ਗੋਬਿੰਦ ਸਿੰਘ।

118. ਹੱਕ਼ ਖ਼ੁਦ ਵੱਸਾਫ਼ੇ ਗੁਰ ਗੋਬਿੰਦ ਸਿੰਘ,
ਬਰਤਰੀਂ ਔਸਾਫ਼ੇ ਗੁਰ ਗੋਬਿੰਦ ਸਿੰਘ।

119. ਖ਼ਾਸਗਾਂ ਦਰਪਾਏ ਗੁਰ ਗੋਬਿੰਦ ਸਿੰਘ,
ਕੁਦਸੀਆਂ ਬਾਰਾਏ ਗੁਰ ਗੋਬਿੰਦ ਸਿੰਘ।

120. ਮੁਕ਼ਬਲਾਂ ਮੱਦਾਹ ਗੁਰ ਗੋਬਿੰਦ ਸਿੰਘ,
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ।

121. ਲਾ ਮਕਾਂ ਪਾਬੋਸਿ ਗੁਰ ਗੋਬਿੰਦ ਸਿੰਘ,
ਬਰ ਦੋ ਆਲਮ ਕੋਸਿ ਗੁਰ ਗੋਬਿੰਦ ਸਿੰਘ।

122. ਸੁਲਸ ਹਮ ਮਹਕੂਮਿ ਗੁਰ ਗੋਬਿੰਦ ਸਿੰਘ,
ਰੁਬਅ਼ ਹਮ ਮਖ਼ਤੂਮਿ ਗੁਰ ਗੋਬਿੰਦ ਸਿੰਘ।

123. ਸੁਦਸਹਲਕ਼ ਹਬਗੋਸ਼ਿ ਗੁਰ ਗੋਬਿੰਦ ਸਿੰਘ,
ਦੁਸ਼ਮਨ ਅਫ਼ਗਨ ਜੋਸ਼ਿ ਗੁਰ ਗੋਬਿੰਦ ਸਿੰਘ।

114. ਤਲਵਾਰ ਨੂੰ ਖੋਲ੍ਹਣ ਵਾਲਾ (ਵਿਜਈ ਯੋਧਾ) ਹੈ ਗੁਰੂ ਗੋਬਿੰਦ ਸਿੰਘ, ਜਾਨ ਤੇ ਦਿਲ ਨੂੰ ਸੁਖਦਾਤਾ ਹੈ ਗੁਰੂ ਗੋਬਿੰਦ ਸਿੰਘ।

115. ਮਾਲਕ ਤਾਜ ਦਾ ਗੁਰੂ ਗੋਬਿੰਦ ਸਿੰਘ (ਅਰਥਾਤ ਕਲਗੀਆਂ ਵਾਲਾ) ਹੈ, ਰੱਬ ਦੀ ਛਾਂ ਛਾਉਣ ਵਾਲਾ ਹੈ ਗੁਰੂ ਗੋਬਿੰਦ ਸਿੰਘ।

116. ਖ਼ਜ਼ਾਨਚੀ ਹੈ ਹਰ ਖ਼ਜ਼ਾਨੇ ਦਾ ਗੁਰੂ ਗੋਬਿੰਦ ਸਿੰਘ, ਹਰ ਰੰਜ (ਪੀੜ) ਦੀ ਮੱਲਹਮ ਹੈ ਗੁਰੂ ਗੋਬਿੰਦ ਸਿੰਘ।

117. ਜ਼ਮਾਨੇ ਦਾ ਹਾਕਮ ਹੈ ਗੁਰੂ ਗੋਬਿੰਦ ਸਿੰਘ, ਦੋਹਾਂ ਜਹਾਨਾਂ ਵਿਚ ਇਕੋ ਇਕ (ਅਦੁੱਤੀ) ਹੈ ਗੁਰੂ ਗੋਬਿੰਦ ਸਿੰਘ, (ਜਿਸ ਦੇ ਬਰੋਬਰ ਦਾ ਦੂਜਾ ਕੋਈ ਨਹੀਂ)।

118. ਖ਼ੁਦਾ ਆਪ ਸਿਫ਼ਤ ਕਰਨ ਵਾਲਾ ਹੈ ਗੁਰੂ ਗੋਬਿੰਦ ਸਿੰਘ ਦੀ, ਤੇ ਉੱਚੀਆਂ ਸਿਫ਼ਤਾਂ ਹਨ ਗੁਰੂ ਗੋਬਿੰਦ ਸਿੰਘ ਜੀ ਦੀਆਂ।

119. ਖ਼ਾਸ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਹਨ, ਪਵਿੱਤ੍ਰ ਲੋਕ ਸਦਾ ਗੁਰੂ ਗੋਬਿੰਦ ਸਿੰਘ ਜੀ ਦੇ ਅਨੁਸਾਰੀ ਹਨ।

120. ਕਬੂਲ ਹੋਏ ਹੋਏ ਲੋਕ ਸਲਾਹੁਣੇ ਵਾਲੇ ਹਨ ਗੁਰੂ ਗੋਬਿੰਦ ਸਿੰਘ ਦੇ, ਜਾਨ ਤੇ ਦਿਲ ਨੂੰ ਰਾਹਤ (ਸੁਖ) ਦੇਣ ਵਾਲੇ ਹਨ ਗੁਰੂ ਗੋਬਿੰਦ ਸਿੰਘ।

121. ਲਾ-ਮਕਾਨ ਪੈਰ ਚੁੰਮਦਾ ਹੈ ਗੁਰੂ ਗੋਬਿੰਦ ਸਿੰਘ ਦੇ, ਦੋਹਾਂ ਜਹਾਨਾਂ ਦਾ ਡੰਕਾ ਹੈ ਗੁਰੂ ਗੋਬਿੰਦ ਸਿੰਘ ਦਾ।

122. 'ਸੁਲਸ' (ਤਿੰਨੇ ਦੇਵਤੇ) ਬੀ ਤਾਬਿਆਦਾਰ ਹਨ ਗੁਰੂ ਗੋਬਿੰਦ ਸਿੰਘ ਜੀ ਦੇ, ਰੁਬਅ (ਚਾਰੇ ਵੇਦਾਂ) ਪਰ ਵੀ ਮੋਹਰ ਹੈ ਗੁਰੂ ਗੋਬਿੰਦ ਸਿੰਘ ਜੀ ਦੀ।

123. ਛੀਏ (ਸ਼ਾਸਤ੍ਰ) ਗੁਰੂ ਗੋਬਿੰਦ ਸਿੰਘ ਜੀ ਦੇ ਦਾਸ ਹਨ, ਤੇ ਗੁਰੂ ਗੋਬਿੰਦ ਸਿੰਘ ਜੀ ਦਾ ਜੋਸ਼ ਹੈ ਦੁਸ਼ਮਨ ਨੂੰ ਗਿਰੌਣ ਵਾਲਾ।


www.sikhbookclub.com

124. ਖ਼ਾਲਸੋ ਬੇ ਕੀਨਹ ਗੁਰ ਗੋਬਿੰਦ ਸਿੰਘ,
ਹੱਕ਼ ਹੱਕ ਆਈਨਹ ਗੁਰ ਗੋਬਿੰਦ ਸਿੰਘ।

125. ਹੱਕ਼ ਹੱਕ਼ ਅੰਦੇਸ਼ ਗੁਰ ਗੋਬਿੰਦ ਸਿੰਘ,
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ।

126. ਮੁਕੱਰਮਉਲ=ਫ਼ੱਜ਼ਾਲ ਗੁਰ ਗੋਬਿੰਦ ਸਿੰਘ,
ਮੁਨਅ਼ਮਉਲ-ਮੁਤਅ਼ਾਲ ਗੁਰ ਗੋਬਿੰਦ ਸਿੰਘ।

127. ਕਾਰਮਉਲ-ਕੱਰਾਮ ਗੁਰ ਗੋਬਿੰਦ ਸਿੰਘ,
ਰਾਹਿਮਉਲ-ਰੱਹਾਮ ਗੁਰ ਗੋਬਿੰਦ ਸਿੰਘ।

128. ਨਾਇਮਉਲ ਮੁਨਆਮ ਗੁਰ ਗੋਬਿੰਦ ਸਿੰਘ,
ਫ਼ਾਹਿਮਉਲ-ਫ਼ੱਹਾਮ ਗੁਰ ਗੋਬਿੰਦ ਸਿੰਘ।

129. ਦਾਇਮੋ ਪਾਇੰਦਹ ਗੁਰ ਗੋਬਿੰਦ ਸਿੰਘ,
ਫੱਰੁਖ਼ੋ ਫ਼ਰਖ਼ੁੰਦਹ ਗੁਰ ਗੋਬਿੰਦ ਸਿੰਘ।

130. ਫ਼ੈਜ਼ੇ ਸੁਬਹਾਂ ਜ਼ਾਤੇ ਗੁਰ ਗੋਬਿੰਦ ਸਿੰਘ,
ਨੂਰੇ ਹਕ਼ ਲਮਅ਼ਾਤੇ ਗੁਰ ਗੋਬਿੰਦ ਸਿੰਘ।

131. ਸਾਮਅ਼ਾਨੇ ਨਾਮ ਗੁਰ ਗੋਬਿੰਦ ਸਿੰਘ,
ਹੱਕ਼ ਬੀਂ ਜ਼ਿਇਨਅ਼ਾਮ ਗੁਰ ਗੋਬਿੰਦ ਸਿੰਘ।

132. ਵਾਸਫ਼ਾਨੇ ਜ਼ਾਤਿ ਗੁਰ ਗੋਬਿੰਦ ਸਿੰਘ,
ਵਸਿਲਅਜ਼ ਬਰਕਾਤਿ ਗੁਰ ਗੋਬਿੰਦ ਸਿੰਘ।

133. ਗ਼ਾਕ਼ਮਾਨੇ ਵਸਫ਼ਿ ਗੁਰ ਗੋਬਿੰਦ ਸਿੰਘ,
ਨਾਮਵਰ ਅਜ਼ਲੁਤਫ਼ਿ ਗੁਰ ਗੋਬਿੰਦ ਸਿੰਘ।

134. ਨਾਜ਼ਰਾਨੇ ਰਇ ਗੁਰ ਗੋਬਿੰਦ ਸਿੰਘ,
ਮਸਤੇਹੱਕ਼ ਦਰ ਕੂਇ ਗੁਰ ਗੋਬਿੰਦ ਸਿੰਘ।

 www.sikhbookclub.com

124. ਖ਼ਾਲਸ ਤੇ ਵੈਰ ਤੋਂ ਰਹਿਤ ਹੈ ਗੁਰੂ ਗੋਬਿੰਦ ਸਿੰਘ, ਸੱਚੀ ਗੱਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸੱਚ ਦਾ (ਜਾਂ ਰੱਬ ਦਾ) ਸ਼ੀਸ਼ਾ ਹਨ।

125. (ਆਪ) ਗੁਰੂ ਗੋਬਿੰਦ ਸਿੰਘ ਰੱਬ ਹੀ ਰੱਬ ਚਿੰਤਨ ਕਰਨ ਵਾਲੇ ਹਨ, ਬਾਦਸ਼ਾਹ ਵੀ ਤੇ ਫ਼ਕੀਰ ਵੀ ਹਨ ਗੁਰੂ ਗੋਬਿੰਦ ਸਿੰਘ।

126. ਸਤਿਕਾਰ ਪ੍ਰਾਪਤ ਬਜ਼ੁਰਗ ਹੈ ਗੁਰੂ ਗੋਬਿੰਦ ਸਿੰਘ, ਉੱਚੀਆਂ ਨਿਆਮਤਾਂ ਦੇਣ ਵਾਲਾ ਹੈ ਗੁਰੂ ਗੋਬਿੰਦ ਸਿੰਘ।

127. ਦਾਤਿਆਂ ਦਾ ਦਾਤਾ ਹੈ ਗੁਰੂ ਗੋਬਿੰਦ ਸਿੰਘ, ਕ੍ਰਿਪਾਲੂਆਂ ਦਾ ਕ੍ਰਿਪਾਲੂ ਹੈ ਗੁਰੂ ਗੋਬਿੰਦ ਸਿੰਘ।

128. ਨਿਆਮਤਾਂ ਦਾਤਿਆਂ ਨੂੰ ਨਿਆਮਤਾਂ ਦੇਣ ਵਾਲਾ ਹੈ ਗੁਰੂ ਗੋਬਿੰਦ ਸਿੰਘ, ਦਾਨਾਵਾਂ ਤੋਂ ਦਾਨਾ ਹੈ ਗੁਰੂ ਗੋਬਿੰਦ ਸਿੰਘ।

129. ਸਦਾ ਤੇ ਅਟੱਲ ਰਹਿਣ ਵਾਲਾ ਹੈ ਗੁਰੂ ਗੋਬਿੰਦ ਸਿੰਘ, ਸੁਹਣਾ ਤੇ ਮੁਬਾਰਕ ਹੈ ਗੁਰੂ ਗੋਬਿੰਦ ਸਿੰਘ।

130. ਰੱਬ ਦੇ ਫ਼ੈਜ਼ ਵਾਲੀ ਹੈ ਹਸਤੀ ਗੁਰੂ ਗੋਬਿੰਦ ਸਿੰਘ ਦੀ, ਰੱਬ ਦੇ ਚਮਕਾਰੇ ਵਾਲਾ ਨੂਰ ਹੈ ਗੁਰੂ ਗੋਬਿੰਦ ਸਿੰਘ ਦਾ।

131. ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਸੁਣਨ ਵਾਲੇ, ਗੁਰੂ ਗੋਬਿੰਦ ਸਿੰਘ ਦੇ ਇਨਾਮ (ਬਖਸ਼ਿਸ਼) ਨਾਲ ਰੱਬ ਨੂੰ ਵੇਖਣ ਵਾਲੇ ਹੋ ਗਏ।

132. ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਦੀ ਉਸਤਤ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਰਕਤਾਂ ਪ੍ਰਾਪਤ ਕਰਦੇ ਹਨ।

133. ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਲਿਖਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਲਤਾ ਨਾਲ ਨਾਮਵਰ ਹੋ ਗਏ।

134. ਗੁਰੂ ਗੋਬਿੰਦ ਸਿੰਘ ਜੀ ਦੇ ਮੁਖ ਦਾ ਦਰਸ਼ਨ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀ ਗਲੀ ਵਿਚ ਰੱਬ ਦੇ ਮਤਵਾਲੇ ਹੋ ਗਏ।

 www.sikhbookclub.com

135. ਖ਼ਾਕ ਬੋਸੇ ਪਾਏ ਗੁਰ ਗੋਬਿੰਦ ਸਿੰਘ,
ਮੁਕ਼ਬਲਅਜ਼ ਆਲਾਏ ਗੁਰ ਗੋਬਿੰਦ ਸਿੰਘ।

136. ਕ਼ਾਦਿਰੇ ਹਰ ਕਾਰ ਗੁਰ ਗੋਬਿੰਦ ਸਿੰਘ,
ਬੇਕਸ਼ਾਂ ਰਾ ਯਾਰ ਗੁਰ ਗੋਬਿੰਦ ਸਿੰਘ।

137. ਸਾਜਦੋ ਮਸਜੂਦ ਗੁਰ ਗੋਬਿੰਦ ਸਿੰਘ,
ਜੁਮਲਹ ਫੈਜ਼ੋ ਜੂਦ ਗੁਰ ਗੋਬਿੰਦ ਸਿੰਘ।

138. ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ,
ਬਰਤਰੀਂ ਮਿਅ਼ਰਾਜ ਗੁਰ ਗੋਬਿੰਦ ਸਿੰਘ।

139. ਅ਼ਸ਼ਰ[1] ਕੁਦਸੀਰਾਮਿ ਗੁਰ ਗੋਬਿੰਦ ਸਿੰਘ,
ਵਾਸਫ਼ੇ ਅਕਰਾਮਿ ਗੁਰ ਗੋਬਿੰਦ ਸਿੰਘ।

140. ਉੱਮਿ[2] ਕ਼ੁਦਸਬਕਾਰਿ ਗੁਰ ਗੋਬਿੰਦ ਸਿੰਘ
ਗ਼ਾਸ਼ੀਆਂ ਬਰਦਾਰਿ ਗੁਰ ਗੋਬਿੰਦ ਸਿੰਘ।

141. ਕ਼ਦਰੋ ਕੁਦਰਤ ਐਦੇਸ਼ਿ ਗੁਰ ਗੋਬਿੰਦ ਸਿੰਘ,
ਇਨ ਕ਼ਿਯਾਦ ਐਦੇਸ਼ਿ ਗੁਰ ਗੋਬਿੰਦ ਸਿੰਘ।

142. ਤਿੱਸਅ਼ ਉਲਵੀ ਖ਼ਾਕ ਗੁਰ ਗੋਬਿੰਦ ਸਿੰਘ,
ਚਾਕਰੇ ਚਾਲਾਕ ਗੁਰ ਗੋਬਿੰਦ ਸਿੰਘ।

---

1 'ਅ਼ਸ਼ਰ ਅਕੂਲ' ਯੂਨਾਨੀ ਹਕੀਮਾਂ ਦੇ ਮਜ਼ਹਬ ਵਿਚ ਦਸ ਦੇਵਤਿਆਂ ਦੇ ਨਾਉਂ ਹਨ, ਤੇ ਕਿਹਾ ਜਾਂਦਾ ਹੈ ਕਿ ਰੱਬ ਦੇ ਹੁਕਮ ਨਾਲ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਤੇ ਸਾਰਾ ਪ੍ਰਬੰਧ ਕੀਤਾ। ਭਾਵ ਇਹ ਹੈ ਕਿ ਉਹ ਦੇਵਤੇ ਵੀ ਤਾਬਿਆਦਾਰ ਹਨ।

2. ਇਸ ਦਾ ਭਾਵ ਖ਼ੁਦਾ-ਰਸੀਦਾ ਮਾਈਆਂ, ਦੇਵੀਆਂ ਬੀ ਹੋ ਸਕਦਾ ਹੈ, ਤੇ ਜੇ ਪਾਠ ਉੱਮੀ ਹੋਵੇ ਤਾਂ ਭਾਵ ਪੈਗ਼ੰਬਰ ਬੀ ਹੋ ਸਕਦਾ ਹੈ।

135. ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਖ਼ਾਕ ਨੂੰ ਚੁੰਮਣ ਵਾਲੇ, ਗੁਰੂ ਗੋਬਿੰਦ ਸਿੰਘ ਜੀ ਦੀਆਂ ਨਿਆਮਤਾਂ ਨਾਲ ਵਰੋਸਾਏ ਗਏ।

136. ਹਰ ਕੰਮ ਦਾ ਕਰਤਾਰ ਹੈ ਗੁਰੂ ਗੋਬਿੰਦ ਸਿੰਘ, ਬੇਕਸਾਂ (ਨਿਤਾਣਿਆਂ) ਦਾ ਸਹਾਇਕ ਹੈ ਗੁਰੂ ਗੋਬਿੰਦ ਸਿੰਘ।

137. (ਰੱਬ ਅੱਗੇ) ਸਿਜਦਾ ਕਰਨ ਵਾਲਾ ਤੇ (ਸ੍ਰਿਸ਼ਟੀ ਤੋਂ) ਸਿਜਦਾ ਕਰੌਣ ਵਾਲਾ ਹੈ ਗੁਰੂ ਗੋਬਿੰਦ ਸਿੰਘ, ਫੈਜ਼ ਤੇ ਬਖ਼ਸ਼ਿਸ਼ ਦਾ ਪੁੰਜ ਹੈ ਗੁਰੂ ਗੋਬਿੰਦ ਸਿੰਘ।

138. ਸਰਦਾਰਾਂ ਦਾ ਤਾਜ ਹੈ ਗੁਰੂ ਗੋਬਿੰਦ ਸਿੰਘ ਤੇ ਉੱਚੇ ਤੋਂ ਉੱਚੇ ਆਦਰਸ਼ ਵਾਲਾ ਹੈ ਗੁਰੂ ਗੋਬਿੰਦ ਸਿੰਘ।

139. ਅਕੂਲਿ ਅਸ਼ਰਾ ਗੁਰੂ ਗੋਬਿੰਦ ਸਿੰਘ ਦੇ ਤਾਬਿਆਦਾਰ ਹਨ, ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਜ਼ੁਰਗੀਆਂ ਦੀ ਸਿਫਤ ਕਰਨ ਵਾਲੇ ਹਨ।

140. ਪਵਿੱਤ੍ਰ ਮਾਈਆਂ (ਦੇਵੀਆਂ) ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਵਿਚ ਹਨ, ਤੇ ਕਾਠੀ ਦਾ ਝਾੜਨ ਚੁਕਣ ਵਾਲੀਆਂ (ਟਹਿਲਣਾਂ) ਹਨ ਗੁਰੂ ਗੋਬਿੰਦ ਸਿੰਘ ਜੀ ਦੀਆਂ।

141. ਕੁਦਰਤ ਦੇ ਉੱਤੇ (ਪੂਰਨ) ਸਮਰੱਥਾ ਹੈ ਗੁਰੂ ਗੋਬਿੰਦ ਸਿੰਘ ਜੀ ਦੀ, (ਪਰ ਫਿਰ ਵੀ ਵਾਹਿਗੁਰੂ ਅੱਗੇ) ਤਾਬਿਆਦਾਰੀ ਦੇ ਫ਼ਿਕਰ ਵਾਲਾ ਹੈ ਗੁਰੂ ਗੋਬਿੰਦ ਸਿੰਘ।

142. ਨੌ ਉਲਵੀ (=ਫਰਿਸ਼ਤੇ) ਗੁਰੂ ਗੋਬਿੰਦ ਸਿੰਘ ਜੀ ਦੀ ਧੂੜੀ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਆਣੇ ਸੇਵਕ ਹਨ।

 www.sikhbookclub.com

143. ਤਖ਼ਤ ਬਾਲਾ ਜ਼ੋਰਿ ਗੁਰ ਗੋਬਿੰਦ ਸਿਘ,
ਲਾ ਮਕਾਨੇ ਸੈਰ ਗੁਰ ਗੋਬਿੰਦ ਸਿੰਘ।

144. ਬਰਤਰਅਜ਼ਹਰ ਕ਼ਦਰ ਗੁਰ ਗੋਬਿੰਦ ਸਿੰਘ,
ਜਾਵਿਦਾਨੀ ਸਦਰ ਗੁਰੁ ਗੋਬਿੰਦ ਸਿੰਘ।

145. ਆ਼ਲਮੇ ਰੌਸ਼ਨ ਜ਼ਿ ਗੁਰ ਗੋਬਿੰਦ ਸਿੰਘ,
ਜ਼ਾਨ ਦਿਲ ਗੁਲਸ਼ਨ ਜ਼ਿ ਗੁਰ ਗੋਬਿੰਦ ਸਿੰਘ।

146. ਰੋਜ਼ ਅਫ਼ਜ਼ੂੰ ਜਾਹ ਗੁਰ ਗੋਬਿੰਦ ਸਿੰਘ,
ਜ਼ੇਬੇ ਤਖ਼ਤੋ ਗਾਹ ਗੁਰ ਗੋਬਿੰਦ ਸਿੰਘ।

147. ਮੁਰਸ਼ਿਦਉਲ-ਦਾਰੈਨ ਗੁਰ ਗੋਬਿੰਦ ਸਿੰਘ,
ਬੀਨਸ਼ੇ ਹਰ ਐ਼ਨ ਗੁਰ ਗੋਬਿੰਦ ਸਿੰਘ।

148. ਜੁਮਲਹਦਰ ਫ਼ੁਰਮਾਨੇ ਗੁਰ ਗੋਬਿੰਦ ਸਿੰਘ,
ਬਰਤਰਾਮਦ ਸ਼ਾਨੇ ਗੁਰ ਗੋਬਿੰਦ ਸਿੰਘ।

149. ਹਰ ਦੋ ਆ਼ਲਮ ਖ਼ੈਲਿ ਗੁਰ ਗੋਬਿੰਦ ਸਿੰਘ,
ਜੁਮਲਾ ਅੰਦਰ ਜ਼ੈਲਿ ਗੁਰ ਗੋਬਿੰਦ ਸਿੰਘ।

150. ਵਾਹਿਬਉਲ-ਵੱਹਾਬ ਗੁਰ ਗੋਬਿੰਦ ਸਿੰਘ,
ਫ਼ਾਤਿਹੇ ਹਰ ਬਾਬ ਗੁਰ ਗੋਬਿੰਦ ਸਿੰਘ।

151. ਸ਼ਾਮਲ ਉਲ-ਅਸ਼ਫ਼ਾਕ਼ ਗੁਰ ਗੋਬਿੰਦ ਸਿੰਘ
ਕਾਮ਼ਲਉਲ-ਅਖ਼ਲਾਕ਼ ਗੁਰ ਗੋਬਿੰਦ ਸਿੰਘ।

152. ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ,
ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ।

 www.sikhbookclub.com

143. (ਬਾਲਾ ਜ਼ੇਰ=) ਅਰਸ਼ ਤੇ ਫ਼ਰਸ਼ ਤਖ਼ਤ ਹਨ ਗੁਰੂ ਗੋਬਿੰਦ ਸਿੰਘ ਜੀ ਦੇ, ਲਾ ਮਕਾਨ (ਰਬ ਦੀ ਦਰਗਾਹ) ਦੇ ਸੈਲੀ ਹਨ ਗੁਰੂ ਗੋਬਿੰਦ ਸਿੰਘ।

144. ਹਰ ਅੰਦਾਜ਼ੇ ਤੋਂ ਬਹੁਤ ਉੱਚਾ ਹੈ ਗੁਰੂ ਗੋਬਿੰਦ ਸਿੰਘ, ਸਦਾ ਦਾ ਪ੍ਰਧਾਨ ਹੈ ਗੁਰੂ ਗੋਬਿੰਦ ਸਿੰਘ।

145. ਜਹਾਨ ਚਾਨਣਾ ਹੈ ਗੁਰੂ ਗੋਬਿੰਦ ਸਿੰਘ ਤੋਂ, ਜਾਨ ਤੇ ਦਿਲ ਬਾਗ਼ (ਬਾਗ਼) ਹਨ ਗੁਰੂ ਗੋਬਿੰਦ ਸਿੰਘ ਜੀ ਤੋਂ (ਭਾਵ=ਗੁਰੂ ਸਾਹਿਬ ਜੀ ਦੇ ਦਰਸ਼ਨ ਉਪਦੇਸ਼ ਤੋਂ ਜਾਨ ਤੇ ਦਿਲ ਬਾਗ਼ ਵਤ ਖਿੜ ਜਾਂਦੇ ਹਨ)।

146. ਗੁਰੂ ਗੋਬਿੰਦ ਸਿੰਘ ਜੀ ਦਾ ਮਰਤਬਾ ਹਰ ਰੋਜ਼ ਵਧਣ ਵਾਲਾ ਹੈ, (ਬਾਦਸ਼ਾਹ) ਤਖ਼ਤ ਤੇ ਸਿੰਘਾਸਨ ਦੀ ਸੁਹੱਪਣ ਹੈ ਗੁਰੂ ਗੋਬਿੰਦ ਸਿੰਘ।

147. ਦੋ ਜਹਾਨ ਦੇ ਵਾਲੀ ਹਨ ਗੁਰੂ ਗੋਬਿੰਦ ਸਿੰਘ ਜੀ, ਹਰ ਅੱਖ ਦੀ ਨਜ਼ਰ ਹਨ ਗੁਰੂ ਗੋਬਿੰਦ ਸਿੰਘ ਜੀ।

148. ਸਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਆਗਜਾ ਵਿਚ ਹਨ, ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਸਭ ਤੋਂ ਉਚੇਰੀ ਹੈ।

149. ਦੋਵੇਂ ਜਹਾਨ ਸੈਨਾ ਹੈ ਗੁਰੂ ਗੋਬਿੰਦ ਸਿੰਘ ਜੀ ਦੀ, ਸਮੂਹ ਗੁਰੂ ਗੋਬਿੰਦ ਸਿੰਘ ਜੀ ਦੇ (ਜ਼ੈਲ=) ਪੱਲੇ (ਅਥਵਾ ਲੜੀ) ਵਿਚ ਹਨ (ਭਾਵ-ਸ਼ਰਨ ਵਿਚ ਹਨ)।

150. ਦਾਤਿਆਂ ਦਾ ਦਾਤਾ ਹੈ ਗੁਰੂ ਗੋਬਿੰਦ ਸਿੰਘ, ਹਰ ਪੱਖ ਦਾ ਵਿਜਈ ਹੈ ਗੁਰੂ ਗੋਬਿੰਦ ਸਿੰਘ।

151. ਸ਼ਫ਼ਕਤਾਂ (ਬਖ਼ਸ਼ਿਸ਼ਾਂ) ਨਾਲ ਭਰਪੂਰ ਹਨ ਗੁਰੂ ਗੋਬਿੰਦ ਸਿੰਘ। ਕਮਾਲ ਦੇ ਇਖ਼ਲਾਕ (ਸਦਾਚਾਰ) ਵਾਲੇ ਹਨ ਗੁਰੂ ਗੋਬਿੰਦ ਸਿੰਘ।

152. ਹਰ ਸਰੀਰ ਦੇ ਵਿਚ ਦੀ ਰੂਹ ਹਨ ਗੁਰੂ ਗੋਬਿੰਦ ਸਿੰਘ, ਹਰ ਅੱਖ ਦੇ ਵਿਚ ਦਾ ਨੂਰ (ਪ੍ਰਕਾਸ਼) ਹਨ ਗੁਰੂ ਗੋਬਿੰਦ ਸਿੰਘ।

 www.sikhbookclub.com

153. ਜੁਮਲਹ ਰੋਜ਼ੀਖ਼੍ਵਾਰੇ ਗੁਰ ਗੋਬਿੰਦ ਸਿੰਘ,
ਫ਼ੈਜ਼ੈ ਹਕ਼ ਅਮੜਾਰੇ ਗੁਰ ਗੋਬਿੰਦ ਸਿੰਘ।

154. ਬਿਸਤੋਹਫ਼ਤ ਗਦਾਏ ਗੁਰ ਗੋਬਿੰਦ ਸਿੰਘ,
ਖ਼ਾਕ ਰੋਬ ਸਰਾਏ ਗੁਰ ਗੋਬਿੰਦ ਸਿੰਘ।

155. ਖ਼ੁਮਸ ਵਸਫ਼ਪੈਰਾਏ ਗੁਰ ਗੋਬਿੰਦ ਸਿੰਘ,
ਹਫ਼ਤ ਹਮ ਸ਼ੈਦਾਏ ਗੁਰ ਗੋਬਿੰਦ ਸਿੰਘ।

156. ਬਰਦੋਆ਼ਲਮ ਦਸਤ ਗੁਰ ਗੋਬਿੰਦ ਸਿੰਘ,
ਜੁਮਲਹਉਲਵੀ ਪਸਤ ਗੁਰ ਗੋਬਿੰਦ ਸਿੰਘ।

157. ਲ਼ਅ਼ਲ* ਸਗੇ ਗ਼ੁਲਾਮੇ ਗੁਰ ਗੋਬਿੰਦ ਸਿੰਘ,
ਦਾਗ਼ਦਾਰੇ ਨਾਮੇ ਗੁਰ ਗੋਬਿੰਦ ਸਿੰਘ।

158. ਕਮਤਰੀਂਜ਼ਿ ਸਗਾਂਨੇ ਗੁਰ ਗੋਬਿੰਦ ਸਿੰਘ,
ਰੇਜ਼ਹ ਚੀਨੇ ਖ਼੍ਵਾਂਨੇ ਗੁਰ ਗੋਬਿੰਦ ਸਿੰਘ।

159. ਸਾਇਲ ਅਜ਼ਇਨਅ਼ਾਮੇ ਗੁਰ ਗੋਬਿੰਦ ਸਿੰਘ,
ਖ਼ਾਕ ਪਾਕ ਅਕ਼ਦਾਮੇ ਗੁਰ ਗੋਬਿੰਦ ਸਿੰਘ।

160. ਬਾਦ ਜਾਨਸ਼ਾਫ਼ਿਦਾਏ ਗੁਰ ਗੋਬਿੰਦ ਸਿੰਘ,
ਫ਼ਰਕ਼ੇ ਓ ਬਰ ਪਾਏ ਗੁਰ ਗੋਬਿੰਦ ਸਿੰਘ।

-ਤਮਾਮ ਸ਼ੁਦ ਰੀਜ ਨਾਮਹ-

---

* ਕਵੀ ਭਾਈ ਨੰਦ ਲਾਲ ਜੀ ਅਖ਼ੀਰ ਵਿਚ ਆਪਣੀ ਬੇਨਤੀ ਲਿਖਦੇ ਹਨ।


www.sikhbookclub.com